ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/05 ਮਈ 2015 - ਨਾਨਕਸ਼ਾਹੀ ਵੈਸਾਖ-ਜੇਠ ੫੪੭

## ਇਤਿਹਾਸਿਕ ਦਿਹਾੜੇ

### ਮਈ ਅਤੇ ਜੂਨ 2015

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 2 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 22 ਮਈ |
| ਜਨਮ ਦਿਹਾੜਾ ਭਗਤ ਕਬੀਰ ਜੀ | 2 ਜੂਨ |
| ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਜੀ | 3 ਜੂਨ |
| ਸਥਾਪਨਾ ਸ੍ਰੀ ਅਨੰਦਪੁਰ ਸਾਹਿਬ ਜੀ | 25 ਜੂਨ |

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com
www.gurmatparsar.com

# ਗੁਰੂ ਅਰਜਨ ਦੇਵ ਜੀ

ਡਾ. ਸਰਬਜਿੰਦਰ ਸਿੰਘ

ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ 1563 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਗੋਇੰਦਵਾਲ ਦੇ ਅਸਥਾਨ ਤੇ ਹੋਇਆ। ਬਚਪਨ ਵਿੱਚ ਆਪ ਨੂੰ ਆਪਣੇ ਨਾਨਾ ਤੀਜੇ ਗੁਰੂ ਅਮਰਦਾਸ ਜੀ ਦੀ ਗੋਦ ਵਿੱਚ ਖੇਡਣ ਦਾ ਮੌਕਾ ਪ੍ਰਾਪਤ ਹੋਇਆ। ਤੀਜੇ ਪਾਤਸ਼ਾਹ ਨੇ ਆਪ ਲਈ "ਦੋਹਿਤਾ ਬਾਣੀ ਦਾ ਬੋਹਿਥਾ" ਉਚਾਰਦੇ ਹੋਏ ਆਉਣ ਵਾਲੇ ਸਮੇਂ ਵੱਲ ਇਸ਼ਾਰਾ ਕਰ ਦਿੱਤਾ ਸੀ। ਫਿਰ ਜੁਆਨੀ ਵਿੱਚ ਆਪ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਸੰਪੰਨ ਹੋਇਆ। ਆਪ ਦੇ ਘਰ ਇੱਕ ਬਾਲ ਨੇ ਜਨਮ ਲਿਆ ਜਿਸ ਦਾ ਨਾਮ (ਗੁਰੂ) ਹਰਿਗੋਬਿੰਦ ਰੱਖਿਆ ਗਿਆ।

1581 ਈ. ਨੂੰ ਆਪ ਪੰਜਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਉੱਤੇ ਸੁਸ਼ੋਭਿਤ ਹੋਏ। ਆਪ ਨੇ ਗੁਰੂ ਪਿਤਾ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਹੱਥ ਵਿੱਚ ਲਿਆ ਅਤੇ ਸੰਤੋਖਸਰ ਤੇ ਰਾਮਸਰ ਨਾਂ ਦੇ ਸਰੋਵਰ ਸੰਪੂਰਨ ਕਰ ਚੱਕ ਰਾਮਦਾਸ ਦਾ ਨਾਂ ਅੰਮ੍ਰਿਤਸਰ ਰੱਖ ਦਿੱਤਾ ਅਤੇ ਸਰੋਵਰ ਦੇ ਐਨ ਵਿਚਕਾਰ 'ਹਰਿਮੰਦਰ' ਦੀ ਉਸਾਰੀ ਕਰ, ਸਿੱਖਾਂ ਨੂੰ ਉਹਨਾਂ ਦਾ ਕੇਂਦਰੀ ਅਸਥਾਨ ਅਰਪਿਤ ਕਰ ਦਿੱਤਾ। ਆਪ ਜੀ ਨੇ ਤਰਨ-ਤਾਰਨ, ਹਰਿਗੋਬਿੰਦਪੁਰ, ਛੇਹਰਟਾ, ਕਰਤਾਰਪੁਰ ਆਦਿ ਸ਼ਹਿਰ ਵਸਾ, ਸਿੱਖੀ ਦੇ ਪ੍ਰਚਾਰ ਅਤੇ ਪਸਾਰ ਦੇ ਕਈ ਕੇਂਦਰ ਸਥਾਪਿਤ ਕਰ ਦਿੱਤੇ।

ਗੁਰੂ ਅਰਜਨ ਪਾਤਸ਼ਾਹ ਦਾ ਸਭ ਤੋਂ ਮਹਾਨ ਕਾਰਜ 'ਆਦਿ ਗ੍ਰੰਥ' ਦੀ ਸੰਪਾਦਨਾ ਸੀ, ਜਿਸ ਨਾਲ ਸਿੱਖ ਧਰਮ ਦੀ ਵੱਖਰੀ ਹੋਂਦ ਤੇ ਪੱਕੀ ਮੋਹਰ ਲੱਗ ਗਈ। ਇਸ ਪਵਿੱਤਰ ਗ੍ਰੰਥ ਦੀ ਸੰਪਾਦਨਾ ਦਾ ਕਾਰਜ 1604 ਈ. ਵਿੱਚ ਸੰਪੂਰਨ ਹੋਇਆ ਅਤੇ ਗੁਰੂ ਸਾਹਿਬ ਨੇ ਆਪ ਇਸਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕਰ ਦਿੱਤਾ।

ਗੁਰੂ ਅਰਜਨ ਪਾਤਸ਼ਾਹ ਤੱਕ ਸਿੱਖੀ ਦਾ ਪ੍ਰਚਾਰ ਅਤੇ ਪਾਸਾਰ ਇਸ ਹੱਦ ਤੱਕ ਵੱਧ ਚੁੱਕਾ ਸੀ ਕਿ ਸਮੇਂ ਦੇ ਹਾਕਮ ਅਤੇ ਸਮਕਾਲੀ ਧਰਮ ਇਸ ਧਰਮ ਨੂੰ ਲੋਕ ਲਹਿਰ ਵਜੋਂ ਵੇਖਣ ਲੱਗੇ ਅਤੇ ਲੋਕ ਲਹਿਰ ਵੀ ਅਜਿਹੀ ਜੋ ਕਿ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜ ਰਹੀ ਹੋਵੇ। ਨਤੀਜੇ ਵਜੋਂ ਇਸ ਲੋਕ ਲਹਿਰ ਦੇ ਆਗੂ ਬਾਗ਼ੀ ਗਰਦਾਨੇ ਗਏ ਅਤੇ 1606 ਈ. ਨੂੰ ਗੁਰੂ ਪਾਤਸ਼ਾਹ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਾ ਲਾਹੌਰ ਦੇ ਅਸਥਾਨ 'ਤੇ ਆਪ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ।

| | | |
|---|---|---|
| ਬਾਣੀ ਰਚਨਾ | : | 2312 ਸ਼ਬਦ, 30 ਰਾਗਾਂ ਵਿੱਚ |
| ਪ੍ਰਮੁੱਖ ਬਾਣੀਆਂ | : | ਸੁਖਮਨੀ, ਬਾਰਹ ਮਾਹਾ, ਬਾਵਨ ਅਖਰੀ, ਗੁਣਵੰਤੀ, ਅੰਜੁਲੀਆ, ਬਿਰਹੜੇ ਅਤੇ 6 ਵਾਰਾਂ-ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ ਰਾਗ ਵਿੱਚ |

ਧੰਨਵਾਦਿ ਸਹਿਤ :-
ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ

# ਸੁਆਲ - ਜੁਆਬ

(ਰੇਨੁਕਾ ਸਰਬਜੀਤ ਸਿੰਘ)

੧. ਸੁਖਮਨੀ ਸਾਹਿਬ ਕਿਸ ਰਾਗ ਵਿਚ ਅੰਕਿਤ ਹੈ ?

ਸੁਖਮਨੀ ਸਾਹਿਬ ਦੀ ਆਰੰਭਤਾ ਤੇ ਦਰਜ ਹੈ - ਗਉੜੀ ਸੁਖਮਨੀ ਮਹਲਾ ੫ ॥ ਸੋ ਇਸ ਤੋਂ ਇਹ ਸਪੱਸ਼ਟ ਹੈ ਕਿ ਇਹ ਬਾਣੀ ਰਾਗ ਗਉੜੀ ਵਿਚ ਉਚਾਰਨ ਕੀਤੀ ਗਈ ਹੈ ।

੨. ਸੁਖਮਨੀ ਸਾਹਿਬ ਦੇ ਰਚਨਹਾਰ ਕਿਹੜੇ ਗੁਰੂ ਸਾਹਿਬ ਹਨ ?

ਸਿਰਲੇਖ ਮਹਲਾ ੫ ਤੋਂ ਸਪਸ਼ਟ ਹੈ ਕਿ ਸੁਖਮਨੀ ਸਾਹਿਬ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਹੈ ।

੩. ਸੁਖਮਨੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸ ਅੰਗ ਤੇ ਦਰਜ ਹੈ ?

ਇਹ ਬਾਣੀ ੨੬੨ ਤੋਂ ੨੯੬ ਅੰਗ ਤੱਕ ਦਰਜ ਹੈ ।

੪. ਸੁਖਮਨੀ ਸਾਹਿਬ ਵਿਚ ਕਿਤਨੇ ਸਲੋਕ ਅਤੇ ਅਸਟਪਦੀਆਂ ਹਨ ?

ਸੁਖਮਨੀ ਸਾਹਿਬ ਵਿਚ ੨੪ ਸਲੋਕ ਅਤੇ ੨੪ ਅਸਟਪਦੀਆਂ ਹਨ ।

੫. ਅਸਟਪਦੀ ਤੋਂ ਕੀ ਭਾਵ ਹੈ ?

ਅਸਟਪਦੀ ਤੋਂ ਭਾਵ ਹੈ, ਅੱਠ ਬੰਦਾਂ ਵਾਲੀ ਰਚਨਾ ।

੬. ਸਲੋਕ ਅਤੇ ਅਸਟਪਦੀ ਦਾ ਆਪਸੀ ਕੀ ਸੰਬੰਧ ਹੈ ?

ਸਲੋਕ ਨਿਚੋੜ ਹੈ, ਅਸਟਪਦੀ ਵਿਆਖਿਆ ਹੈ ।

੭. ਸੁਖਮਨੀ ਸਾਹਿਬ ਦੇ ਪਹਿਲੇ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਕਿਸ ਨੂੰ ਨਮਸਕਾਰ ਕਰਦੇ ਹਨ ?

ਗੁਰੂ ਜੀ ਪਹਿਲਾਂ ਅਕਾਲ ਪੁਰਖ ਨੂੰ ਨਮਸਕਾਰ ਕਰਦੇ ਹਨ, ਜਿਹੜਾ ਸਭ ਦਾ ਮੁੱਢ ਹੈ (ਆਦਿ ਗੁਰਏ) ਅਤੇ ਜੁਗਾਂ ਦੇ ਮੁੱਢ ਤੋਂ (ਜੁਗਾਦਿ ਗੁਰਏ) ਮੌਜੂਦ ਹੈ । ਉਪਰੰਤ ਸਤਿਗੁਰੂ ਅਤੇ ਗੁਰਦੇਵ ਨੂੰ ਨਮਸਕਾਰ ਕਰਦੇ ਹਨ ।

੮. ਸੁਖਮਨੀ ਸਾਹਿਬ ਵਿਚ 'ਰਹਾਉ' ਦਾ ਕੀ ਫੁਰਮਾਨ ਹੈ ?

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥

੯. ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਕੀ ਹੈ ਅਤੇ ਇਹ ਕਿਥੇ ਦਰਜ ਹੈ ?

ਇਹ ਰਹਾਉ ਦੇ ਫੁਰਮਾਨ ਵਿਚ ਦਰਜ ਹੈ, ਜਿਸਦਾ ਭਾਵ ਹੈ, ਪ੍ਰਭੂ ਦਾ ਅਮਰ ਕਰਨ ਵਾਲਾ ਅੰਮ੍ਰਿਤ ਤੇ ਸੁਖਦਾਈ ਨਾਮ, ਸਭ ਸੁੱਖਾਂ ਦੀ ਮਣੀ ਹੈ । ਇਸਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ ।

੧੦. ਸਰੀਰ ਦੇ ਕਲਹ ਕਲੇਸ਼ ਕਿਵੇਂ ਮਿਟ ਸਕਦੇ ਹਨ ?

ਮਨੁੱਖ ਪਰਮਾਤਮਾ ਦਾ ਨਾਮ ਸਿਮਰ ਕੇ ਹੀ ਸੁਖ ਪਾ ਸਕਦਾ ਹੈ ਅਤੇ ਸਰੀਰ ਦੇ ਸਾਰੇ ਦੁਖ, ਕਲਹ ਕਲੇਸ਼ ਨਾਮ ਨਾਲ ਮਿਟ ਸਕਦੇ ਹਨ । (ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥)

ਧੰਨਵਾਦਿ ਸਹਿਤ -: ਸੁੱਖਾ ਦੀ ਮਣੀ (ਸੁਕ੍ਰਿਤ ਟਰੱਸਟ)

# ਸ੍ਰੀ ਗੁਰੂ ਗ੍ਰੰਥ ਸਾਹਿਬ : ਮਹਾਨਤਾ ਦੇ ਕੁਝ ਪਹਿਲੂ

– ਡਾ. ਸੂਬਾ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਸ ਤਰ੍ਹਾਂ 'ਪਵਿਤਰ-ਪੁਸਤਕ' ਜਾਂ 'ਅਹਿਲੇ-ਕਿਤਾਬ' ਸਮਝਣਾ ਜਿਵੇਂ ਵੇਦੀ ਅਤੇ ਕਤੇਬੀ ਪਰੰਪਰਾਵਾਂ ਦੀਆਂ ਧਰਮ-ਪੁਸਤਕਾਂ ਹਨ, ਬੁਨਿਆਦੀ ਤੌਰ ਤੇ ਠੀਕ ਧਾਰਨਾ ਨਹੀਂ, ਕਿਉਂਕਿ ਇਤਿਹਾਸ ਵਿਚ ਜੋ ਰੋਲ ਇਸ ਪਾਵਨ-ਬਾਣੀ ਨੇ ਅਦਾ ਕੀਤਾ ਹੈ, ਉਸ ਨੂੰ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰਖ ਕੇ ਵਾਚਿਆ ਜਾਵੇ ਤਾਂ ਇਹ ਧਾਰਨਾ ਬਿਲਕੁਲ ਸਪਸ਼ਟ ਹੋ ਜਾਂਦੀ ਹੈ। ਉਪਰੋਕਤ ਉਕਤੀ ਦਾ ਭਾਵ ਇਹ ਨਹੀਂ ਕਿ ਵੇਦੀ ਅਤੇ ਕਤੇਬੀ ਪਰੰਪਰਾਵਾਂ ਦੀਆਂ ਧਰਮ-ਪੁਸਤਕਾਂ ਦਾ ਕੋਈ ਮਹੱਤਵ ਨਹੀਂ, ਜਾਂ ਅਸੀਂ ਇਸ ਤੱਥ ਤੋਂ ਮੁਨਕਰ ਹੋ ਰਹੇ ਹਾਂ, ਸਾਡਾ ਭਾਵ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਮਕਾਲੀ-ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਸਿਰਫ ਇਸ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੇ ਕੁਝ ਪਹਿਲੂਆਂ ਨੂੰ ਇਤਿਹਾਸਕ, ਸਭਿਆਚਾਰਕ ਤੇ ਸਿਧਾਂਤਿਕ ਸੰਦਰਭ ਵਿਚ ਸਪਸ਼ਟ ਕਰਨਾ ਹੈ।

ਇਹ ਤੱਥ ਤਾਂ ਅਸੀਂ ਜਾਣਦੇ ਹੀ ਹਾਂ ਕਿ ਇਸ ਵਿਲਖਣ 'ਧਰਮ-ਗ੍ਰੰਥ' ਦੇ ਸੰਪਾਦਕ ਇਸ ਵਿਚਲੀ ਸਮੱਗਰ-ਬਾਣੀ ਦੇ ਕਰਤੇ ਅਥਵਾ ਸੰਗ੍ਰਹਿਕਾਰ ਆਪ ਹਨ, ਦੂਜੇ ਸ਼ਬਦਾਂ ਵਿਚ ਇਹ ਪਹਿਲਾ ਪਾਵਨ-ਵਾਕ ਸੰਗ੍ਰਹਿ ਹੈ, ਜਿਸ ਨੂੰ ਇਸ ਦੇ ਰਚਣਹਾਰਿਆਂ ਨੇ ਖੁਦ ਸ਼ੁਧ ਰੂਪ ਵਿਚ ਸਾਂਭਿਆ ਤੇ ਫਿਰ ਖੁਦ ਹੀ ਇਕ ਰਚਣਹਾਰੇ (ਗੁਰੂ ਅਰਜਨ ਪਾਤਸ਼ਾਹ) ਨੇ ਇਸ ਦੀ ਸੰਪਾਦਨਾ ਕੀਤੀ। ਖੁਦ ਗੁਰੂ ਸਾਹਿਬਾਨ ਇਸ ਪਖੋਂ ਸੁਚੇਤ ਤੇ ਦੂਰ-ਦਰਸ਼ੀ ਸਨ ਕਿ 'Text' ਦੀ ਸ਼ੁਧਤਾ ਤਾਂ ਹੀ ਰਹਿ ਸਕਦੀ ਹੈ, ਜੇਕਰ ਇਸ ਦੀ ਖੁਦ ਸੰਭਾਲ ਅਥਵਾ ਸੰਪਾਦਨਾ ਕੀਤੀ ਜਾਵੇ। ਪਾਠ-ਪ੍ਰਮਾਣਿਕਤਾ ਦੇ ਦ੍ਰਿਸ਼ਟੀਕੋਣ ਤੋਂ ਨਾ ਇਹ ਸਿਰਫ ਲਾ-ਜਵਾਬ ਹੀ ਹੈ, ਬਲਕਿ ਇਸੇ ਦ੍ਰਿਸ਼ਟੀਕੋਣ ਤੋਂ ਕਿਸੇ ਵੀ ਵੇਦੀ ਜਾਂ ਕਤੇਬੀ ਪਰੰਪਰਾ ਦੇ ਕਿਸੇ ਵੀ ਧਰਮ-ਗ੍ਰੰਥ ਨੂੰ ਤੁਲਨਾ ਵਿਚ ਨਹੀਂ ਰਖਿਆ ਜਾ ਸਕਦਾ। ਜੇਕਰ ਗੁਰੂ ਸਾਹਿਬ ਖੁਦ ਇਸ ਵਿਚਲੀ ਸਮੱਗਰੀ-ਬਾਣੀ ਦੀ ਸਾਂਭ-ਸੰਭਾਲ ਅਥਵਾ ਸੰਪਾਦਨਾ ਨਾ ਕਰਦੇ ਤਾਂ ਅੱਜ ਕੀ ਹਾਲਤ ਹੋਣੀ ਸੀ? ਇਸ ਗੱਲ ਦਾ ਅੰਦਾਜ਼ਾ ਅਸੀਂ ਸਾਰੇ ਸਹਿਜੇ ਹੀ ਲਾ ਸਕਦੇ ਹਾਂ, ਕਿਉਂਕਿ 'ਕੱਚੀ-ਬਾਣੀ' ਇਕ ਨਿਯਮ ਅਥਵਾ ਵਿਉਂਤ-ਬਧ ਤਰੀਕੇ ਨਾਲ ਪ੍ਰਿਥੀਚੰਦ ਦੇ ਪੁੱਤਰ ਮਿਹਰਵਾਨ ਵਲੋਂ ਰਚੀ ਜਾਣੀ ਸ਼ੁਰੂ ਹੋ ਗਈ ਸੀ, ਜਿਸਦੇ ਇਸ਼ਾਰੇ ਖੁਦ ਬਾਣੀ ਵਿਚੋਂ ਭਲੀ-ਭਾਂਤ ਮਿਲਦੇ ਹਨ।

ਸਿੱਖ ਧਰਮ ਆਪਣੇ ਇਤਿਹਾਸਕ ਅਮਲ ਵਿਚ ਉਨ੍ਹਾਂ ਲੋਕਾਂ ਦਾ ਵਿਸ਼ੇਸ਼ ਪਖ ਲੈਂਦਾ ਰਿਹਾ ਹੈ, ਜਿਨ੍ਹਾਂ ਨੂੰ ਅੱਜ 'ਦਲਿਤ-ਲੋਕ' ਜਾਂ ਬਹੁਜਨ ਸਮਾਜ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਇਤਿਹਾਸਕ ਅਮਲ ਦੇ ਸਿਧਾਂਤਿਕ ਆਦੇਸ਼ ਅਥਵਾ ਬੁਨਿਆਦ ਗੁਰੂ ਗ੍ਰੰਥ-ਬਾਣੀ ਵਿਚੋਂ ਸਹਿਜੇ ਹੀ ਢੂੰਡੀ ਜਾ ਸਕਦੀ ਹੈ,

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ (ਸ੍ਰੀ ਰਾਗ ਪੰਨਾ 349)

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ (ਪੰਨਾ 1330)

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪ੍ਰਭਾਤੀ ਮ. 1, ਪੰਨਾ 1330)

ਇਸ ਸਿਧਾਂਤਕ ਵਰਤਾਰੇ ਦਾ ਇਤਿਹਾਸਕ ਪਹਿਲੂ ਜਿਥੇ ਸਿੱਖ ਲਹਿਰ ਨੇ ਪੈਰ ਪੈਰ ਤੇ ਪ੍ਰਗਟ ਕੀਤਾ (ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਕੰਮੀ-ਕਮੀਣਾਂ, ਦੱਬੇ ਕੁਚਲੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ) ਉਥੇ ਗੁਰੂ ਗ੍ਰੰਥ ਬਾਣੀ ਦੀ ਬਣਤਰ ਵਿਚ ਹੀ ਇਸ ਗ੍ਰੰਥ ਸਾਹਿਬ ਦੀ ਆਦਿ-ਬੀੜ ਸੰਪਾਦਨ ਸਮੇਂ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਨੂੰ ਹੀ ਸ਼ਾਮਿਲ ਨਹੀਂ ਕੀਤਾ, ਬਲਕਿ ਵੱਖੋ-ਵੱਖ ਦੇਸ਼ਾਂ ਇਲਾਕਿਆਂ, ਰੰਗਾਂ, ਜਾਤਾਂ, ਜਮਾਤਾਂ, ਧਰਮਾਂ ਆਦਿ ਦੇ ਉਚ-ਮਹਾਂਪੁਰਖਾਂ ਦੀ ਬਾਣੀ ਨੂੰ ਬਰਾਬਰ ਦਾ

ਦਰਜ਼ਾ ਦਿੱਤਾ, ਮਿਸਾਲ ਲਈ ਜਿਥੇ ਭਗਤ ਰਵਿਦਾਸ (ਮਧ-ਕਾਲੀ ਭਗਤੀ ਲਹਿਰ ਦੇ ਇਨਕਲਾਬੀ ਮਹਾਂਪੁਰਖ) 'ਅਖੌਤੀ' ਚਮਾਰ ਜਾਤੀ ਦੇ ਹਨ, ਉਥੇ ਭਗਤ ਨਾਮਦੇਵ ਜੀ ਜਾਤ-ਪਾਤੀ ਵਿਚਾਰਧਾਰਾ ਦੀ ਦ੍ਰਿਸ਼ਟੀ ਵਿਚ 'ਛੀਬੇਂ, ਹਨ, ਇਸੇ ਤਰ੍ਹਾਂ ਜੋ ਬਾਬਾ ਕਬੀਰ, ਫਰੀਦ ਜਾਂ ਭੀਖਨ ਜੀ (ਸਮਕਾਲੀ ਦ੍ਰਿਸ਼ਟੀ ਵਿੱਚ) ਮਲੇਸ਼' ਹਨ ਤਾਂ ਪਰਮਾਨੰਦ, ਰਾਮਾਨੰਦ ਜਾਂ ਜੈ ਦੇਵ ਜੀ 'ਕਾ ਰ' ਹਨ। ਇਹ ਵਰਤਾਰਾ ਭਾਸ਼ਾ, ਇਲਾਕੇ ਜਾਂ ਰੰਗ-ਵਰਨਾਂ ਦੇ ਵਖਰੇਵਿਆਂ ਵਿਚ ਵੀ ਵੇਖਿਆ ਜਾ ਸਕਦਾ ਹੈ। ਵਰਤਮਾਨ ਸਮੇਂ ਭਾਵੇ ਇਹ ਗੱਲ ਅਥਵਾ ਵਰਤਾਰਾ ਲੋਕਰਾਜੀ ਪਾਰਲੀਮਾਨੀ ਦੀਆਂ ਵਿਕਸਿਤ ਇਕਾਈਆਂ ਦੇ ਸਨਮੁਖ, ਭਾਵੇਂ ਕੋਈ ਬਹੁਤਾ ਅਲੋਕਾਰ ਜਾਂ ਅਜੀਬ ਨਾ ਵੀ ਲੱਗੇ, ਪਰ ਸਮਕਾਲੀਨ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਨਾ ਇਹ ਸਿਰਫ 'ਉਲਟੀ ਗੰਗਾ ਹੀ ਵਹਾਈ ਗਈ' ਬਲਕਿ ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ ਇਕ ਵਿਲੱਖਣ ਤੇ ਇਨਕਲਾਬੀ ਘਟਨਾ ਤੋਂ ਘਟ ਨਹੀਂ। ਸਭਿਆਚਾਰਿਕ ਧਰਾਤਲ ਤੇ ਕੌਮਾਂ ਦੀਆਂ ਬਣਤਰਾਂ ਵਿਚ ਇਸੇ 'ਅਮਲ' ਨੇ ਉਨਤੀ ਅਤੇ ਆਜ਼ਾਦੀ ਦੇ ਰਾਹ ਖੋਲੇ ਹਨ।

ਵਿਚਾਰਧਾਰਿਕ ਅਮਲਾਂ ਵਿਚ ਗੁਰਮਤਿ ਨੇ ਗੁਰੂ ਗ੍ਰੰਥ ਬਾਣੀ ਦੀ ਵਿਚਾਰਧਾਰਾ ਵਿਸ਼ੇਸ਼ ਚੁਣੀ ਹਈ 'ਕੌਮ' ਜਾਂ 'ਸਵਰਨ ਜਾਤੀਆਂ' ਦੇ ਅਲੰਬਦਾਰਾਂ (ਬ੍ਰਾਹਮਣਾਂ) ਦੇ ਲਈ ਵਿਸ਼ੇਸ਼ ਰਾਖਵੀਂ ਨਹੀਂ ਕੀਤੀ, ਇਥੇ ਤਾਂ 'ਸਭਿ ਕੋ ਮੀਤ ਹਮ ਆਪਨ ਕੀਨਾ …' ਦੇ ਪੁਖਤਾ ਵਿਚਾਰਾਂ ਨੂੰ ਪਹਿਲ ਦਿੱਤੀ ਗਈ, ਦੂਜੇ ਸ਼ਬਦਾਂ ਵਿਚ ਦੇਸ਼ਾਂ, ਕੌਮਾਂ, ਜਾਤਾਂ ਜਾਂ ਇਲਾਕਿਆਂ ਦੇ ਵਖਰੇਵੇਂ ਇਸ ਬਾਣੀ ਦੇ ਵਿਚਾਰਧਾਰਿਕ ਫੈਲਾਅ ਦੇ ਰਾਹ ਵਿਚ ਕਦਾਚਿਤ ਰੁਕਵਾਟ ਨਹੀਂ ਬਣੇ ਅਤੇ ਨਾ ਹੀ ਬਣਨ ਦੀ ਕੋਈ ਸੰਭਾਵਨਾ ਇਸ ਵਿਚ ਨਿਹਿਤ ਹੈ। ਇਸੇ ਵਿਸ਼ਵ-ਵਿਆਪਕ ਅਥਵਾ ਸਰਬਸਾਂਝੇ ਵਿਚਾਰਾਂ ਦਾ ਹੀ ਸ਼ਾਇਦ ਕਾਰਨ ਹੈ ਕਿ ਹਾਲੇ ਤੱਕ ਇਸ ਵਿਚਾਰਧਾਰਾ ਦੇ ਪੈਦਾ ਕੀਤੇ ਪੈਰੋਕਾਰਾਂ (ਸਿੱਖਾਂ) ਉਪਰ ਹਾਲੇ ਤੱਕ ਦੂਸਰੀਆਂ ਕੌਮਾਂ ਨੂੰ ਹੱਕੀ ਮਾਰਨ ਜਾਂ ਨਸ਼ਟ ਕਰਨ ਦੇ 'ਇਲਜ਼ਾਮ' ਨਹੀਂ ਲੱਗੇ। ਇਤਿਹਾਸਕ ਪ੍ਰਸਥਿਤੀਆਂ ਜਾਂ ਬਦਲੇ ਹੋਏ 'ਹਾਲਾਤ' ਦੇ ਸਨਮੁਖ ਅਜਿਹਾ ਕਰਨਾ ਭਾਵੇਂ 'ਮਜਬੂਰੀ' ਜ਼ਰੂਰ ਬਣਦਾ ਰਿਹਾ ਹੈ। ਵਿਚਾਰਧਾਰਿਕ ਪਹਿਲੂਆਂ ਵਿਚ ਨਾ ਹੀ ਅਜਿਹੇ ਆਦੇਸ਼ ਹਨ ਅਤੇ ਨਾ ਹੀ ਇਤਿਹਾਸ ਨੇ ਹਾਲੇ ਅਜਿਹੇ ਦਿਨ ਦੇਖੇ ਹਨ।

ਸਿੱਖ ਲਹਿਰ ਦੀ ਪ੍ਰਕਿਰਤੀ (nature) ਬਾਰੇ ਬਹੁਤ ਸਾਰੇ ਦਵੰਧ, ਭੁਲੇਖੇ ਅਤੇ ਵਾਦ-ਵਿਵਾਦ ਖੜੇ ਕੀਤੇ ਗਏ ਅਤੇ ਹਾਲੇ ਵੀ ਇਹ ਵਹਾਅ ਨਿਰ-ਵਿਘਨ ਜਾਰੀ ਹੈ। ਸਿੱਖ ਲਹਿਰ ਬਾਰੇ ਬਹੁਤ ਸਾਰੇ ਲੋਕਾਂ ਨੇ ਬੜੇ ਬੇਹੂਦਾ,ਹਾਸੋਹੀਣੇ ਅਤੇ ਅਰਥਹੀਣ ਸਿੱਟੇ ਕਢੇ ਹਨ। ਮਧਕਾਲ ਉਤੇ ਕੰਮ ਕਰਨ ਵਾਲੇ ਕਈ ਪੂਰਬੀ ਅਤੇ ਪੱਛਮੀ ਇਤਿਹਾਸਕਾਰਾਂ ਦੀਆਂ ਲਿਖਤਾਂ ਇਸ ਤਥ ਦੀਆਂ ਜ਼ਾਮਨ ਹਨ। ਹਾਲੇ ਵੀ ਸਾਡੀਆਂ ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚ ਇਸ ਤਰਕਹੀਣ ਸਵਾਲ ਨਾਲ ਨਜਿੱਠਿਆ ਜਾ ਰਿਹਾ ਹੈ ਕਿ ਕੀ ਗੁਰੂ ਨਾਨਕ ਦੇਵ ਜੀ 'ਸੁਧਾਰਕ' ਸਨ ਜਾਂ 'ਇਨਕਲਾਬੀ' ? ਅਸੀਂ ਇਸ ਤਰਕਹੀਣ ਸਵਾਲ ਦਾ ਵਿਸ਼ਲੇਸ਼ਣ ਤਾਂ ਨਹੀਂ ਕਰਨਾ, ਪਰ ਇਹ ਸਪਸ਼ਟ ਜ਼ਰੂਰ ਕਰਨਾ ਹੈ ਕਿ ਮਿਸਰ ਤੋਂ ਲੈ ਕੇ ਬਰਮਾ ਤੱਕ ਫੈਲੀ ਤੁਰਕ-ਸਲਤਨਤ ਨਾਲ ਕਿਵੇਂ ਮੁਠੀ-ਭਰ ਪੰਜਾਬ ਦੇ ਕੰਮੀ-ਕ੍ਰਮੀਣ ਟਕਰਾਅ ਗਏ ? ਇਹ ਸਿੱਖ ਲਹਿਰ ਦੀ ਪ੍ਰਕਿਰਤੀ ਨਾਲ ਜੁੜੇ ਸਵਾਲਾਂ ਵਿਚੋਂ ਸਭ ਤੋਂ ਅਹਿਮ ਸਵਾਲ ਹੈ ਅਤੇ ਸਾਡਾ ਭਾਵ ਸਿਰਫ ਇਹ ਦਸਣਾ ਹੈ ਕਿ ਇਸ ਟਕਰਾਅ ਦੀ ਵਿਚਾਰਧਾਰਿਕ ਸੇਧ ਗੁਰੂ ਗ੍ਰੰਥ ਬਾਣੀ ਵਿਚੋਂ ਹੀ ਸੇਧਤ ਹੋਈ ਸੀ। ਸਿਧੇ ਸ਼ਬਦਾਂ ਵਿਚ ਕਹਿਣਾ ਹੋਵੇ ਕਿ ਇਹ ਗੁਰੂ ਗ੍ਰੰਥ ਬਾਣੀ ਦੀ ਪੈਦਾ ਕੀਤੀ ਹੋਈ ਹੀ ਸਿੱਖ ਲਹਿਰ ਸੀ, ਜਿਸ ਨੇ ਸਦੀਆਂ ਦੀ ਗੁਲਾਮੀ ਬਾਅਦ ਜ਼ਾਬਰ-ਜਰਵਾਣਿਆਂ ਦਾ ਕੇਵਲ ਮੂੰਹ ਹੀ ਨਹੀਂ ਮੋੜਿਆ ਬਲਕਿ ਖੁਦ ਕਾਬਲ-ਕੰਧਾਰ ਤੱਕ ਜਾ ਪਏ। ਵਰਨਾ ਮੁਹੰਮਦ-ਬਿਨ-ਕਾਸਮ ਵਰਗਾ ਹਮਲਾਵਰ ਜਿਹੜਾ 712 ਈ: ਵਿੱਚ ਸਿੰਧ 'ਤੇ ਹਮਲਾ ਕਰਦਾ ਹੈ, ਚਾਰ ਭੇਡਾਂ-ਬਕਰੀਆਂ ਚਾਰਨ ਵਾਲਿਆਂ ਨੂੰ ਕੱਠਿਆਂ ਕਰਕੇ ਧਾੜਵੀ ਬਣ ਜਾਂਦਾ ਰਿਹਾ ਹੈ ਅਤੇ ਕਿਸੇ ਦੀ ਹਿੰਮਤ ਨਹੀਂ ਪੈਂਦੀ ਕਿ ਉਸਦਾ ਮੁਕਾਬਲਾ ਕਰ ਸਕੇ। ਇਹ ਵਰਤਾਰਾ ਲਗਾਤਾਰ ਚਲਦਾ ਹੈ ਜਿਸ ਨੂੰ ਗੁਰੂ ਗ੍ਰੰਥ ਬਾਣੀ ਦੁਆਰਾ ਪੈਦਾ ਕੀਤੀ 'ਪਾਤਸ਼ਾਹੀ' ਹੀ ਠੱਲ ਪਾਉਂਦੀ ਹੈ।

ਪੱਛਮੀ ਕੌਮਾਂ ਨੇ ਆਪਣੇ ਬਸਤੀਵਾਦੀ ਇਤਿਹਾਸ ਨੂੰ ਲੋਕ ਇਤਿਹਾਸ ਦੀ ਸੰਗਿਆ ਹੇਠ ਸੰਸਾਰ ਦੇ ਲਗਭਗ ਸਾਰੇ ਮੁਲਕਾਂ ਨੂੰ ਪੜ੍ਹਾਇਆ ਹੈ, ਇਸਦਾ ਇਕ ਸਿਧਾ ਜਿਹਾ ਕਾਰਣ ਸਪਸ਼ਟ ਹੈ ਕਿ ਪੱਛਮੀ ਕੌਮਾਂ ਨੇ ਸੰਸਾਰ ਵਿਚ ਐਸੀ ਕੋਈ ਥਾਂ ਨਹੀਂ, ਜਿਥੇ ਆਪਣੀ ਰਾਜਸ਼ਾਹੀ ਅਥਵਾ ਬਸਤੀ ਨਾ ਬਣਾਈ ਹੋਵੇ ਅਤੇ ਵਿਦਿਆ ਦਾ ਆਧੁਨਿਕ-ਦ੍ਰਿਸ਼ਟੀਕੋਣ ਵੀ ਉਨ੍ਹਾਂ ਦੀ ਦੇਣ ਹੈ, ਪਰ 18ਵੀਂ ਸਦੀ ਵਿਚ ਜੋ ਇਤਿਹਾਸ ਦਾ ਵਰਤਾਰਾ ਸਾਡੀ ਧਰਤੀ 'ਤੇ ਵਰਤਿਆ, ਉਹ ਕਿਸੇ ਤਰ੍ਹਾਂ ਬਸਤੀਵਾਦੀ ਦ੍ਰਿਸ਼ਟੀਕੋਣ ਵਾਲਾ ਇਤਿਹਾਸ ਨਹੀਂ ਸੀ ਸਗੋਂ ਸਿਧੇ ਰੂਪ ਵਿਚ ਗਰੀਬਾਂ ਦੇ ਹੱਕ ਵਿਚ ਲੜੀ ਜਾ ਰਹੀ ਹੱਕੀ ਲੜਾਈ ਸੀ। ਸਦੀਆਂ ਦੇ ਗੁਲਾਮੀ ਕਰਦੇ ਮੁਜ਼ਾਰੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ 'ਕੱਠੇ ਹੋ ਕੇ ਜਗੀਰਦਾਰਾਂ ਨੂੰ ਪੈ ਨਿਕਲੇ ...' ਇਸ ਸਮੁੱਚੇ ਇਤਿਹਾਸਕ ਅਮਲ ਦੀ ਸ਼ੁਰੂਆਤ ਗੁਰੂ ਗ੍ਰੰਥ ਦੇ ਉਨ੍ਹਾਂ ਸ਼ਬਦਾਂ ਅਥਵਾ ਪਾਵਨ ਵਾਕਾਂ ਵਿਚੋਂ ਹੁੰਦੀ ਹੈ, ਜਿਨ੍ਹਾਂ ਵਿਚ ਗਰੀਬਾਂ ਦੀ ਰਖਿਆ ਮਾਨਵ ਜੀਵਨ ਦੇ ਪਰਮ ਆਦਰਸ਼ ਦੀ ਪ੍ਰਾਪਤੀ ਦਾ ਇਕ ਸਾਧਨ ਮੰਨਿਆ ਗਿਆ ਹੈ।

**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥** (ਪੰਨਾ 15)

ਸਾਰੀ 'ਮਾਨਵਜਾਤੀ ਦਾ ਭ੍ਰਾਤਰੀਭਾਵ' ਇਕ ਸਮਾਜਿਕ ਸੰਕਲਪ ਹੈ। ਇਸ ਸਮਾਜਿਕ ਸੰਕਲਪ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਗੁਰੂ ਸਾਹਿਬ ਨੇ ਧਾਰਮਿਕ ਮਾਨਤਾ ਦਿਵਾਈ ਅਤੇ ਸਪਸ਼ਟ ਫੁਰਮਾਇਆ ਕਿ 'ਏਕਤਾ' ਤੇ 'ਬਰਾਬਰਤਾ' ਦਾ ਅਮਲ ਜੀਵਨ ਵਿਚ ਧਾਰਨ ਕਰਨ ਵਾਲੇ 'ਜੀਵ ਹੀ ਦਰਗਾਹ' ਵਿਚ 'ਪਰਵਾਨ' ਹੁੰਦੇ ਹਨ।

**ਸਾਧ ਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥**

**ਤਿਆਗਿ ਮਾਨੁ ਝੂਠ ਅਭਿਮਾਨ ॥ ਜੀਵਤ ਮਰਹਿ ਦਰਗਹ ਪਰਵਾਨੁ ॥ (ਪੰਨਾ 176)**

ਸਿੱਖ ਲਹਿਰ ਨੇ ਆਪਣੇ ਗੁਰੂ ਗ੍ਰੰਥ ਦੇ ਸਿਧਾਂਤਕ ਆਦੇਸ਼ਾਂ ਵਿਚ ਆਪਣੇ ਇਤਿਹਾਸਕ ਅਮਲ ਰਾਹੀਂ ਇਕ ਚੰਗੇ ਤੇ ਉਸਾਰੂ ਸਭਿਆਚਾਰ ਸਿਰਜਣ ਦੇ ਆਧਾਰ ਪ੍ਰਦਾਨ ਕੀਤੇ ਹਨ। ਸਮਾਜ ਵਿਚ ਰਹਿ ਰਹੇ ਵਿਅਕਤੀ ਦਾ ਖਾਸਾ ਪਤਨਮੁਖੀ ਹੈ। ਇਹ ਪਤਨਮੁਖੀ ਮਾਨਵ ਅਗਿਆਨਤਾ ਸਦਕਾ ਸਦੀਆਂ ਤੋਂ ਰੂੜੀਆਂ ਪਿਟਦਾ, ਗਲੇ-ਸੜੇ ਸੰਸਕਾਰਾਂ ਵਿਚ ਪਰੁਚਾ, ਭੁੱਲ-ਭੁਲੇਖਿਆਂ ਵਿਚ ਗਵਾਚਾ, ਨਰਕ-ਸੁਰਗ ਦੇ ਝਾਂਸਿਆਂ ਵਿਚ ਫਸਿਆ, ਆਪਣੇ ਅਸਲੀ ਮਨੋਰਥ ਤੋਂ ਖੁੰਝਿਆ ਹੋਇਆ ਹੈ। ਮਧ-ਕਾਲ ਵਿਚਲੇ ਇਸ ਗਲਤ ਵਰਤਾਰੇ ਨੂੰ ਗੁਰਬਾਣੀ 'ਕਲਿਯੁਗ'ਰਾਹੀਂ ਰੇਖਾਕ੍ਰਿਤ ਕਰਕੇ ਸਮਕਾਲੀ ਸਭਿਆਚਾਰਕ ਰਵਾਇਤਾਂ ਤੇ ਸਮਾਜ ਦੀ ਹਾਲਤ ਨੂੰ ਪੂਰੀ ਤਰ੍ਹਾਂ ਚਿਤਰ ਦਿੰਦੀ ਹੈ। ਮਾਇਆਧਾਰੀ ਅੰਨੇ-ਬੋਲੇ ਲੋਕਾਂ ਕਰਕੇ ਨਾ ਸਿਰਫ ਸਮਾਜਿਕ-ਸੰਤੁਲਨ ਹੀ ਵਿਗੜਦਾ ਹੈ, ਬਲਕਿ ਪੂਰਾ ਸਭਿਆਚਾਰ ਦੀ ਦੂਸ਼ਿਤ ਹੋ ਜਾਂਦਾ ਹੈ। ਅਜਿਹੇ ਮਾਇਆਧਾਰੀ ਲੋਕਾਂ ਨੂੰ ਪਹਿਲੀ ਵਾਰ ਗੁਰਬਾਣੀ ਨੇ ਵੰਗਾਰ ਪਾ ਕੇ ਇਸ ਨੂੰ ਇਤਿਹਾਸਕ ਅਮਲ ਵਿਚ ਲਿਆਂਦਾ, ਨਹੀਂ ਤਾਂ ਘਟੋ-ਘਟ ਭਾਰਤ ਦੇ ਇਤਿਹਾਸ ਵਿਚ ਕਿਸੇ ਵੀ ਧਰਮ ਗ੍ਰੰਥ ਤੋਂ ਅਜਿਹੀ ਸੇਧਾ ਦਾ ਕੋਈ ਪੁਖਤਾ ਪ੍ਰਮਾਣ ਸਾਹਮਣੇ ਨਹੀਂ ਆਉਂਦਾ।

ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੇ ਪਹਿਲੂ ਵਿਚ ਇਹ ਤੱਥ ਵੀ ਸ਼ਾਇਦ ਪਹਿਲਾ ਹੋਵੇ ਕਿ ਕੋਈ ਧਰਮ-ਗ੍ਰੰਥ ਅਧਿਆਤਮਿਕ ਮੁਕਤੀ ਤੋਂ ਇਲਾਵਾ ਸਮਾਜਿਕ ਤੇ ਰਾਜਨੀਤਿਕ-ਮੁਕਤੀ ਦਾ ਸੰਕਲਪ ਦਿੰਦਾ ਹੋਵੇ। ਸੰਸਾਰ ਦੇ ਲੰਮੇ ਧਾਰਮਿਕ-ਇਤਿਹਾਸ ਵਿਚ ਭਾਰਤੀ ਪੰਰਪਰਾ ਦੇ ਸਦੀਆਂ ਲੰਮੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਘਟਨਾ ਹੋਵੇਗੀ ਕਿ ਇਕ ਧਾਰਮਿਕ-ਸੁਭਾਅ ਅਥਵਾ ਅਨੁਯਾਈ ਕਿਸਮ ਦੇ ਲੋਕ ਖੰਡੇ ਖੜਕਾਉਣ ਲੱਗੇ ਅਤੇ ਇਸ ਦੀ ਅਗਵਾਈ ਉਨ੍ਹਾਂ ਨੂੰ ਉਸ ਦੀਆਂ

ਰਹਿਬਰਾਂ ਨੇ ਦਿੱਤੀ ਹੋਵੇ ? ਦੂਜੇ ਸ਼ਬਦਾਂ ਵਿਚ ਭਾਰਤੀ-ਇਤਿਹਾਸ ਵਿਚ 'ਪੀਰ' ਰਾਜਸੀ ਸ਼ਰਨ ਅਥਵਾ ਬਾਹਰੀ ਬਚਾਅ ਲਈ 'ਮੀਰ' ਪਾਸ ਜਾਂਦੇ ਹਨ ਅਤੇ ਇਸਦੇ ਉਲਟ 'ਮੀਰ' ਦੁਆ ਮੰਗਣ ਲਈ ਜਾਂ ਦੈਵੀ-ਰਖਿਆ ਹੇਤ 'ਪੀਰ' ਦੀ ਸ਼ਰਨ ਵਿਚ ਆਉਂਦੇ ਹਨ। ਪਰ ਗੁਰੂ ਗ੍ਰੰਥ ਬਾਣੀ ਨੇ ਅਜਿਹੀ ਲੋਕ-ਲਹਿਰ ਪੈਦਾ ਕੀਤੀ ਜਿਨ੍ਹਾਂ ਨੂੰ 'ਤੇਜ਼ ਬਾਹਰੋਂ ਲੱਭਣ ਦੀ ਲੋੜ ਨਹੀਂ ਪਈ, ਉਨ੍ਹਾਂ 'ਤੇਜ਼ ਨੂੰ ਆਪਣੇ ਅੰਦਰੋਂ ਧਾਰਨ ਕੀਤਾ। ਉਹ 'ਤੇਜ-ਪੂਜਾ ਦੀ ਵਜਾਇ ਤੇਜ਼ ਦੇ ਧਾਰਨੀ ਬਣੇ, ਬਸ ਉਹਨਾਂ ਸਾਹਮਣੇ ਸਚੇ ਇਖਲਾਕ ਵਿਚ ਰਹਿਣ ਦੀ ਸ਼ਰਤ ਮੂਹਰੇ ਸੀ :

ਜਬ ਲਗ ਖਾਲਸਾ ਰਹੈ ਨਿਆਰਾ  ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ  ਮੈਂ ਨ ਕਰੋਂ ਇਨ ਕੀ ਪਰਤੀਤ ॥ (ਗੁਰੂ ਗੋਬਿੰਦ ਸਿੰਘ ਜੀ)

ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਦਾ 'ਪ੍ਰਬੰਧ' ਅਥਵਾ 'ਸਭਿਆਚਾਰ' ਕਿਸੇ ਓਪਰੇ, ਬਾਹਰੀ ਤੇ ਪਰਾਭੌਤਿਕ ਖੇਤਰ ਤੇ ਆਧਾਰਿਤ ਨਾ ਹੋ ਕੇ ਸੱਚੇ ਸੁਚੇ ਲਾਸਾਨੀ ਸਰੋਕਾਰਾਂ ਨਾਲ ਭਰਪੂਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਆਧਾਰਾਂ ਉਪਰ ਕਾਇਮ ਹੈ। ਇਸ ਵਿਚ ਕੋਈ ਅਮੀਰ-ਗਰੀਬ ਜਾਂ ਉਚਾ-ਨੀਵਾਂ ਨਹੀਂ। ਇਸ ਸਭਿਆਚਾਰ ਦੇ ਵਾਸੀ 'ਪ੍ਰਥਮੇ ਮਨ' ਪ੍ਰਬੋਧ ਕੇ ਸਮਾਜ ਦੀਆਂ ਗਲਤ ਕਦਰਾਂ-ਕੀਮਤਾਂ ਨਾਲ ਟੱਕਰ ਲੈਂਦੇ ਹਨ ਤੇ ਇਕ ਚੰਗੇ ਖੁਸ਼ਗਵਾਰ ਤੇ ਆਜ਼ਾਦ ਮਾਹੌਲ ਦੀ ਸਿਰਜਣਾ ਲਈ ਆਪਾ ਤੱਕ ਵਾਰ ਦਿੰਦੇ ਹਨ।

ਬਾਣੀ ਦੇ ਸਮਾਜਿਕ ਸਰੋਕਾਰਾਂ ਦੇ ਪ੍ਰਸੰਗ ਵਿਚ ਹੀ ਗੁਰੂ ਗ੍ਰੰਥ-ਬਾਣੀ ਦੀ ਮਹਾਨਤਾ ਦੇ ਪਹਿਲੂਆਂ ਵਿਚ ਉਹ ਸੰਸਥਾਵਾ ਨਹਿਤ ਹਨ, ਜਿਨ੍ਹਾਂ ਦੇ ਆਧਾਰ ਤੇ ਸਿੱਖ-ਲਹਿਰ ਇਕ ਜਥੇਬੰਦਕ ਢਾਂਚੇ ਦੇ ਰੂਪ ਵਿਚ ਸੰਸਾਰ ਸਟੇਜ਼ 'ਤੇ ਪ੍ਰਗਟ ਹੋਈ। ਇਨਾਂ ਸੰਸਥਾਵਾਂ ਵਿਚੋਂ ਲੰਗਰ ਪੰਗਤ, ਸੰਗਤ ਅਤੇ ਸੇਵਾ ਆਦਿ ਪ੍ਰਮੁੱਖ ਹਨ।

ਨਵਿਰਤੀ ਮਾਰਗ ਦੀ ਸਮਰਥਕ ਗੁਰਮਤਿ-ਵਿਚਾਰਧਾਰਾ ਨੇ 'ਅੰਜਨ ਮਾਹਿ ਨਿਰੰਜਨ' ਰਹਿ ਕੇ ਸੰਨਿਆਸਵਾਦ ਦੀਆਂ ਹੇੜਾਂ ਨੂੰ ਰੋਕਿਆ ਤੇ ਕਿਰਤ ਕਰਨ ਵਾਲੇ ਕਰਮਯੋਗੀ ਮਨੁਖਾਂ ਦੀ ਸਿਰਜਣਾ ਕੀਤੀ। 'ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ' ਸ੍ਵੈ ਮਨ ਸਾਧ ਕੇ, ਸਮਾਧੀ ਲਾ ਕੇ ਸੰਸਾਰ ਤੋਂ ਨਿਰਲੇਪਤਾ ਦਾ ਸਿਧਾ ਭਾਵ ਕੰਮ-ਧੰਦਿਆਂ ਤੋਂ ਨਿਸ਼ਕਿਰਿਆ ਹੋਣਾ ਹੈ। ਗੁਰਮਤਿ ਨੇ ਅਜਿਹੀ ਦ੍ਰਿਸ਼ਟੀ ਨੂੰ ਪ੍ਰਵਾਨ ਨਹੀਂ ਕੀਤਾ ਸਗੋਂ ਸਮਾਜਿਕ-ਕਲਿਆਣ, ਵਿਸ਼ਵ-ਕਲਿਆਣ ਤੇ ਆਦਰਸ਼-ਰਾਜ (ਹਲੇਮੀ ਰਾਜ) ਦਾ ਆਦਰਸ਼ ਪੂਰਾ ਕਰਨ ਲਈ ਅਜਿਹੇ ਮਨੁੱਖਾਂ ਦੀ ਘਾੜਤ ਘੜੀ ਜਿਹੜੇ ਨਾ ਕੇਵਲ ਮਾਨਸਿਕ ਆਤਮਿਕ ਅਵਸਥਾ ਵਿਚ ਹੀ ਪੂਰੇ-ਸੂਰੇ ਹੋਏ ਬਲਕਿ ਗੁਲਾਮ-ਮਨੌਤਾਂ ਦੇ ਸਮੇਂ ਦੀਆਂ 'ਆਕੀ' ਤਾਕਤਾਂ ਨਾਲ ਵੀ ਜੂਝਦੇ ਰਹੇ। ਸੱਚ ਤੋਂ ਆਕੀ ਤਾਕਤਾਂ ਦੇ ਫੈਲਾਏ ਕੂੜ-ਜਾਲ ਦੇ ਭ੍ਰਮਣ ਵਿਚ ਫਸੀ ਭਾਰਤੀ ਜਨਤਾ ਨੇ ਪਹਿਲੀ ਵਾਰ ਗੁਰਬਾਣੀ ਦੀ ਰੋਸ਼ਨਿ ਵਿਚ ਜੀਣਾ ਸਿਖਿਆ। ਸਿੱਖੀ ਦੇ ਸ਼ਾਨਮਤੇ ਅਧਿਆਇ, ਸਮੂਹ ਪੰਥ-ਜੁਝਾਰੂਆਂ, ਸਿੰਘ-ਸ਼ਹੀਦੀਆਂ ਜਾਂ ਗੁਰ-ਸ਼ਹੀਦੀਆਂ ਇਸ ਤੱਥ ਦੀਆਂ ਸਾਖੀ ਹਨ, ਕਿ ਗੁਰਮਤਿ ਨੇ ਮਾਨਵ ਅੱਗੇ ਕੇਵਲ ਆਪਾ ਸੁਆਰਨ ਦਾ ਉਦੇਸ਼ ਹੀ ਨਹੀਂ ਦਿੱਤਾ ਸਗੋਂ ਗਰੀਬ ਦੀ ਰਖਿਆ, ਜ਼ਰਵਾਣੇ ਦੀ ਭੱਖਿਆ ਦਾ ਜੀਵਨ ਮਨੋਰਥ ਵੀ ਉਸ ਦੇ ਸਾਹਮਣੇ ਰੱਖਿਆ। ਆਖਰ ਸਮੁੱਚੀ ਸਿੱਖ ਲਹਿਰ ਦਾ ਜੇਕਰ ਨਿਰਪੱਖਤਾ ਸਹਿਤ ਅਧਿਐਨ ਕੀਤਾ ਜਾਵੇ (ਜਿਸਦੀਆਂ ਕਿ ਹਾਲੇ ਸੰਭਾਵਨਾਵਾਂ ਵੀ ਨਹੀਂ ਪੈਦਾ ਹੋਈਆਂ) ਤਾਂ ਸਪਸ਼ਟ ਹੋਵੇਗਾ ਕਿ ਸਾਰੀ ਜੱਦੋ-ਜਹਿਦ 'ਮਨੁੱਖ' ਦੇ ਬਹੁ-ਪੱਖੀ 'ਕਲਿਆਣਾ ਦੇ ਪੱਖ ਵਿਚ ਹੀ ਰਹੀ ਹੈ। ਮਾਨਵੀ ਹਿਤਾਂ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ (ਸੰਗਤ, ਪੰਗਤ, ਲੰਗਰ) ਆਪਣੇ ਨਿਵੇਕਲੇਸਰੂਪ ਵਿਚ ਪਹਿਲੀ ਵਾਰ ਭਾਰਤੀ ਜਨ-ਗਰੀਬ ਦੇ ਸਾਹਮਣੇ ਆਈਆਂ।

ਅਜ ਸੰਸਾਰ ਪੱਧਰ ਤੇ ਕੁਝ ਵਿਸ਼ੇ ਪੂਰੀ ਚਰਚਾ ਅਤੇ ਦਿਲਚਸਪੀ ਦਾ ਵਿਸ਼ਾ ਬਣੇ ਹੋਏ ਹਨ, ਜਿਨ੍ਹਾ ਵਿੱਚੋਂ ਘੱਟ-ਗਿਣਤੀ ਕੌਮਾਂ ਦਾ ਸੁਆਲ, ਦਲਿਤ ਜਾਂ ਬਹੁਜਨ ਵਰਗ ਦਾ ਭੂਤ ਤੇ ਭਵਿੱਖ, ਔਰਤ ਦੀ ਸਥਿਤੀ, ਵਾਤਾਵਰਣ ਅਤੇ ਸੰਸਾਰੀਕਰਣ ਆਦਿ। ਇਥੇ ਇਕੱਲੇ-ਇਕੱਲੇ ਵਿਸ਼ੇ ਨੂੰ ਲੈ ਕੇ ਵਿਆਖਿਆਉਣਾ, ਨਾ ਤਾਂ ਸੰਭਵ ਹੈ ਅਤੇ ਨਾ ਹੀ ਲੋੜ ਹੈ, ਅਸੀਂ ਸਿਰਫ ਗੁਰੂ ਗ੍ਰੰਥ ਬਾਣੀ ਮਹਾਨਤਾ ਦੇ ਪ੍ਰਸੰਗ ਵਿਚ ਸਿਰਫ ਇਨ੍ਹਾ ਦੇ ਕੁਝ ਬੁਨਿਆਦੀ ਸੂਤਰਾਂ ਦਾ ਹੀ ਜ਼ਿਕਰ ਕਰਨਾ ਹੈ।

ਸਾਰੇ ਲੋਕਾਂ ਨੂੰ ਆਪਣੇ ਧਰਮ-ਕਰਮ ਵਿਚ ਰਹਿਣ ਦਾ ਕੁਦਰਤ-ਵਿਧਾਨੀ ਹੱਕ ਹੈ, ਸਿਵਾਏ ਇਸ ਦੇ ਕਿ ਉਹ ਗਲਤ ਅਥਵਾ ਮਾਇਆ ਵਾਲੇ ਪਾਸੇ। ਰਾਹ ਨਾ ਹੋਣ, ਉਹ ਜਾਤ-ਜਨਮ, ਕਰਮ ਕਰਕੇ ਭਾਵੇਂ ਬ੍ਰਾਹਮਣ ਹੋਣ, ਮੁਸਲਮਾਨ ਹੋਣ, ਜਾਂ ਕੋਈ ਹੋਰ, ਆਤਮਿਕ ਜੀਵਨ ਦੇ ਰਾਹ ਵਿਚ ਸਿਰਫ ਮਨ ਦੀ ਸਚਾਈ ਬੁਨਿਆਦੀ ਹੈ ਅਤੇ ਸਾਰਿਆਂ ਨੂੰ ਇਹ ਧਰਤੀ ਸਾਂਝੇ ਰੂਪ ਵਿਚ ਮਿਲੀ ਹੈ, ਇਹ ਵੱਖਰੀ ਗੱਲ ਹੈ ਕਿ ਸਾਧਾਂ ਲਈ ਬਣੀ ਇਸ ਧਰਤੀ ਉਤੇ ਤਸਕਰਾਂ ਨੇ ਕਬਜਾ ਮਾਰ ਲਿਆ ਹੈ।

**ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥** (ਪੰਨਾ 965)

ਔਰਤ ਸਮਾਜ ਅਤੇ ਮਨੁੱਖੀ ਜੀਵਨ ਦੇ ਬਰਾਬਰ ਦਾ ਹਿੱਸਾ ਹੈ, ਪਰੰਤੂ ਜੋ ਇਸ ਦੀ ਦੁਰਦਸ਼ਾ ਹੋਈ ਹੈ, ਇਤਿਹਾਸ ਇਸ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਗੁਰੂ ਗ੍ਰੰਥ ਬਾਣੀ ਨੇ ਨਾ ਕੇਵਲ ਇਸ ਦੇ ਹੱਕ ਵਿਚ ਸਿਧਾਂਤਕ ਨਾਅਰਾ ਹੀ ਮਾਰਿਆ ਸਗੋਂ ਸਿੱਖ ਲਹਿਰ ਵਿਚ ਔਰਤਾਂ ਨੇ ਵੱਧ ਚੜ੍ਹ ਕੇ ਹਿੱਸਾ ਵੀ ਲਿਆ ਅਤੇ ਸ਼ਾਇਦ ਹੀ ਕੋਈ ਇਤਿਹਾਸਿਕ ਪ੍ਰਸਥਿਤੀਆਂ ਕਰਕੇ ਅਜਿਹਾ ਮੌਕਾ ਨਾ ਬਣਿਆ ਹੋਵੇ, ਨਹੀਂ ਹਰੇਕ ਸੰਸਥਾ ਅਥਵਾ ਖੇਤਰ ਵਿਚ ਇਸਤਰੀਆਂ ਦੀਆਂ ਸ਼ਮਹੂਲੀਅਤ ਨੂੰ ਲਾਜ਼ਮੀ ਕਰਾਰ ਦਿੱਤਾ ਜਾਂਦਾ ਰਿਹਾ ਹੈ, ਜਿਵੇਂ ਲੰਗਰ-ਸੰਸਥਾ ਦੀ ਦੂਸਰੇ ਗੁਰੂ ਅੰਗਦ ਸਾਹਿਬ ਦੀ ਧਰਮ-ਸੁਪਤਨੀ ਬੀਬੀ ਖੀਵੀ ਨੇ ਸਾਰੀ ਜੁੰਮੇਵਾਰੀ ਆਪ ਸੰਭਾਲੀ। ਇਹ ਉਸ ਸਮੇਂ ਦਾ ਵਾਕਿਆ ਹੈ ਜਦੋਂ ਔਰਤਾਂ ਦਾ ਘਰੋਂ ਨਿਕਲਣਾ ਮੁਹਾਲ ਸੀ ਅਤੇ ਉਹ ਖੁਲ੍ਹੀ ਸੰਗਤ ਪੰਗਤ ਵਿਚ ਤਾਂ ਕੀ ਪਿੰਡ ਦੀ ਗਲੀ ਵਿਚ ਵੀ ਇਕੱਲੀ ਨਹੀਂ ਗੁਜ਼ਰ ਸਕਦੀ ਸੀ।

ਅਜ ਟੁੱਟ ਰਹੇ ਪਰਿਵਾਰ ਤੇ ਘਰੇਲੂ ਕਲ-ਕਲੇਸ਼ ਸਮਾਜ ਦੇ ਵਿਕਾਸ ਲਈ ਰੁਕਾਵਟ ਬਣੇ ਹੋਏ ਹਨ। ਛੋਟੇ ਤੋਂ ਲੈ ਕੇ ਵੱਡੇ ਤੱਕ ਦੇਖਿਆ ਜਾ ਸਕਦਾ ਹੈ ਕਿ ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇ ਜਿਸ ਘਰ ਕਲੇਸ਼ ਨਾ ਹੋਵੇ, ਛੋਟੀਆਂ-ਛੋਟੀਆਂ ਜਾਂ ਬਿਲਕੁਲ ਨਿਗੂਣੀਆਂ ਜਿਹੀਆਂ ਗੱਲਾਂ, ਲੋਭ, ਲਾਲਚਾਂ, ਅਹੰਕਾਰਾਂ ਕਰਕੇ ਕਿਵੇਂ ਮਿੰਟਾਂ ਵਿਚ ਹੀ ਭਰੇ-ਭਰਾਏ ਜਾਂ ਹਸਦੇ-ਵਤਝ ਸਦੇ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦੇ ਹਨ। ਇਹ ਹੁਣ ਦੇ ਸਮਾਜ ਦੀ ਇਕ ਆਮ ਜਿਹੀ ਗੱਲ ਬਣੀ ਹੋਈ ਹੈ। ਗੁਰੂ-ਗ੍ਰੰਥ ਬਾਣੀ ਦੁਆਰਾ ਸਾਜਿਆ ਸਮਾਜ ਇਨਾਂ ਨਿਗੂਣੀਆਂ ਗੱਲਾਂ ਕਲੇਸ਼ਾਂ ਤੋਂ ਮੁਕਤ ਹੈ। ਇਤਿਹਾਸ ਵਿਚ ਘਟੋ-ਘਟ 19ਵੀਂ ਸਦੀ ਦੇ ਅਧ ਤੱਕ ਅਜਿਹੀ ਕੋਈ ਪੁਖਤਾ ਘਟਨਾ ਜਾਂ ਸਬੂਤ ਨਹੀਂ ਮਿਲਦਾ, ਜਿਸ ਤੋਂ ਪਤਾ ਚਲ ਸਕੇ ਕਿ ਕੋਈ ਸਿੱਖ-ਪਰਿਵਾਰ 'ਚਾਹ ਦੇ ਗਿਲਾਸ ਪਿਛੇ ਖੇਰੂੰ- ਖੇਰੂੰ ਹੋ ਗਿਆ ਹੋਵੇ। ਅਜ ਵੀ ਜਿਹੜੇ ਸਹੀ ਭਾਵਨਾ ਜਾਂ ਸਚੇ ਅਰਥਾਂ ਵਿਚ ਗੁਰੂ ਗ੍ਰੰਥ-ਬਾਣੀ ਦੇ ਵਿਚਾਰ ਨਾਲ ਜੁੜੇ ਪਰਿਵਾਰ ਹਨ, ਉਨਾਂ ਵਿਚ ਸ਼ਾਇਦ ਹੀ ਕਦੇ ਕੋਈ ਪਰਿਵਾਰਕ-ਦਵੰਧ ਪੈਦਾ ਹੋਏ ਹੋਣ। ਅਜਿਹੇ ਆਦਰਸ਼ਕ ਸਮਾਜ ਅਥਵਾ ਪਰਿਵਾਰ ਲਈ ਉਚੇਰੇ-ਬਾਨਣੂੰ ਗੁਰਬਾਣੀ-ਵਿਚਾਰਧਾਰਾ ਨੇ ਹੀ ਬੰਨੇ।

ਵਾਤਾਵਰਣ ਦੇ ਮਸਲੇ 'ਤੇ ਦੁਨੀਆਂ ਭਰ ਦੇ ਰਾਜਨੀਤਿਕ-ਵਿਸ਼ੇਸ਼ਗਾਂ ਦੇ ਵਿਚਾਰ ਹਨ, ਕਿ ਭਵਿੱਖ ਦੀ ਜੰਗ ਪਾਣੀ ਨੂੰ ਲੈ ਕੇ ਹੋਵੇਗੀ, ਅਜ ਦੇ ਵਰਤਮਾਨ ਹਾਲਤਾਂ ਵਿਚ ਇਹ ਗੱਲ ਕੋਈ ਅਤਿਕਥਨੀ ਪ੍ਰਤੀਤ ਨਹੀਂ ਹੁੰਦੀ। ਇਸੇ ਤਰ੍ਹਾਂ ਹੀ ਜਿਵੇਂ ਧਰਤੀ ਨੂੰ ਨਸ਼ਿਆਂ 'ਤੇ ਲਾ ਕੇ ਇਸ ਦੀ ਉਤਪਾਦਨ ਸ਼ਕਤੀ ਖਤਮ ਕੀਤੀ ਜਾ ਰਹੀ ਹੈ, ਸੰਭਵ ਹੈ ਕਿ ਭਵਿੱਖ ਵਿਚ ਇਹ ਸਾਫ-ਸੁਥਰਾ ਅੰਨ

ਪੈਦਾ ਕਰਨ ਦੇ ਅਸਮਰਥ ਹੀ ਹੋ ਜਾਵੇ । ਇਸੇ ਤਰ੍ਹਾਂ ਵਧ ਰਹੇ ਮਸ਼ੀਨੀਕਰਨ ਨੇ ਕਿਵੇਂ ਹਵਾ ਪ੍ਰਦੂਸ਼ਤ ਕਰਕੇ, ਮਨੁੱਖੀ ਸਿਹਤ ਨੂੰ ਵਿਗਾੜਿਆ ਹੈ । ਇਸ ਦਾ ਸਬੂਤ ਮਹਾਂਨਗਰਾਂ ਵਿਚ ਭਰੇ ਹੋਏ ਵਡੇ ਹਸਪਤਾਲ ਤੇ ਪਾਗਲਖਾਨੇ ਵੇਖੇ ਜਾ ਸਕਦੇ ਹਨ । ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਮਹਾਨਤਾ ਦਾ ਪਹਿਲੂ ਇਹ ਹੈ ਕਿ ਉਹ ਮਨੁੱਖ ਨੂੰ ਸਾਫ-ਸੁਥਰੀ ਰੋਟੀ ਤੇ ਸੰਜਮ ਵਿਚ ਰਹਿ ਕੇ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ । ਗੁਰੂ ਗ੍ਰੰਥ ਬਾਣੀ ਨੇ ਕੇਵਲ ਪ੍ਰੇਰਨਾ ਹੀ ਨਹੀਂ ਦਿੱਤੀ ਬਲਕਿ ਇਕ ਅਜਿਹਾ ਸਭਿਆਚਾਰ ਵੀ ਪੈਦਾ ਕੀਤਾ ਜਿਹੜਾ ਸਿਰਫ ਜੀਵਨ ਦੀਆਂ ਮੁਢਲੀਆਂ ਲੋੜਾਂ ਪਾਣੀ, ਹਵਾ, ਧਰਤੀ ਦੀ ਮਹਿਲ ਉਸਾਰੇ, ਘਟੋ-ਘਟ ਦਸ ਗੁਰੂ ਸਾਹਿਬਾਨ ਦੇ ਨਾਂ ਹੇਠ ਕੋਈ ਮੁਰਬਾ ਜਾਂ ਪਲਾਟ-ਰਜਿਸਟਰਡ ਨਹੀਂ ਹੋਏ ਅਤੇ ਨਾ ਹੀ ਉਨ੍ਹਾਂ ਐਸ਼ੋ-ਅਰਾਮ ਵਾਸਤੇ ਮਹਿਲ-ਮਾੜੀਆਂ ਹੀ ਉਸਾਰੀਆਂ ।

ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦੇ ਪਹਿਲੂਆਂ ਵਿਚ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਅਸੀਂ ਸਾਰ ਵਜੋਂ ਇਹ ਕਹਾਂਗੇ ਕਿ ਦੁਨੀਆਂ ਦੇ ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ ਇਹੋ ਇਕ ਅਜਿਹਾ ਪਵਿਤਰ ਬਾਣੀ-ਸੰਗ੍ਰਹਿ ਹੈ, ਜਿਸ ਨੂੰ ਇਸ ਦੇ ਰਹਿਬਰਾਂ ਨੇ ਆਪ ਸੰਭਾਲਿਆ ਤੇ ਸਾਰੀ ਮਨੁੱਖ ਜਾਤੀ ਦੇ 'ਭੁੰਚਣ' ਲਈ ਬਿਨਾਂ ਕਿਸੇ 'ਕਾਪੀ-ਰਾਈਟ' ਦੇ ਖੁਲ੍ਹਾ ਵਰਤਾਅ ਦਿੱਤਾ । ਇਸ ਦੀ ਵਿਚਾਰਧਾਰਾ ਲਈ ਧਰਮਾਂ, ਦੇਸ਼ਾਂ, ਕੌਮਾਂ, ਜਾਤਾਂ, ਲਿੰਗਾਂ, ਜਮਾਤਾਂ, ਭਾਸ਼ਾਵਾਂ ਜਾਂ ਹੋਰ ਸਮੇਂ ਅਤੇ ਭੂਗੋਲ ਦੀਆਂ ਹੱਦ-ਬੰਦੀਆਂ ਖਤਮ ਹੋਈਆਂ ਅਤੇ ਇਕ ਅਜਿਹੇ ਨਿਆਰੇ ਸਿੱਖ-ਸਭਿਆਚਾਰ ਨੇ ਜਨਮ ਲਿਆ ਜਿਸ ਨੇ ਆਪਣੀ ਇਤਿਹਾਸਕ ਕਰਣੀ ਵਿਚ ਇਸ ਦੀ ਵਿਚਾਰਧਾਰਾ ਦੇ ਅਨੁਭਵੀ-ਜੀਵਨ ਦੇ ਸਰਵਪੱਖੀ ਪੱਖਾਂ ਨੂੰ ਜਾਨ ਤੇ ਹੂਲ ਕੇ ਨਿਭਾਇਆ ਅਤੇ ਇਸ ਦੀ ਵਿਚਾਰਧਾਰਾ ਦੇ ਸੁੱਚੇ ਅਨੁਯਾਈ ਅੱਜ ਵੀ ਮਨੁੱਖਤਾ ਮਾਰੂ ਅਸ਼ਲੀਲ ਸਭਿਆਚਾਰ ਵਿਰੁੱਧ ਕਈ ਧਰਾਤਲਾਂ ਤੇ ਟੱਕਰ ਲੈਂਦੇ ਰਹੇ ਹਨ ਤੇ ਭਵਿੱਖ ਵਿਚ ਵੀ ਲੈਂਦੇ ਰਹਿਣਗੇ ।

ਇਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪ੍ਰੇਰਨਾ ਅਤੇ ਮਹੱਤਤਾ ਹੈ ਕਿ 'ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ' ਲਈ ਸੰਤ ਸਿਪਾਹੀ ਖਾਲਸਾ ਜੀ ਨੇ ਤਿੱਬਤ ਤੋਂ ਕਾਬਲ-ਕੰਧਾਰ ਤੱਕ ਰਾਜ ਕਾਇਮ ਕਰਕੇ, ਦਰਾ ਖੈਬਰੀ ਹਮਲਿਆਂ ਨੂੰ ਠੱਲਿਆ ਹੀ ਨਹੀਂ ਸਗੋਂ ਉਸ ਪਾਸੇ ਵਲ ਹਮਲੇ ਕਰਕੇ ਉਲਟੀ ਗੰਗਾ ਵਹਾ ਦਿੱਤੀ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਬ੍ਰਹਿਮੰਡੀ ਹੈ, ਇਹ ਆਦਿ ਸੱਚ ਹੈ, ਜੁਗਾਦਿ ਸੱਚ ਹੈ ਅਤੇ ਹੈ ਭੀ ਸੱਚ ਹੈ ।

ਧੰਨਵਾਦਿ ਸਹਿਤ :- ਸਹਿਜ (ਗੁਰਮਤਿ ਕਾਲਜ ਪਟਿਆਲਾ)

## ਬਾਣੀ ਗੁਰੂ ਗੁਰ ਹੈ ਬਾਣੀ

ਸ. ਹਰਦਿਆਲ ਸਿੰਘ,
ਆਈ. ਏ. ਐਸ.

1. ਸਿਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ । ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ ਪਰੰਤੂ ਵਿਚਾਰਨ ਤੋਂ ਬਾਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ ਸਾਧਕ ਬਣਦਾ ਹੈ ਜਿਸ ਤੇ ਗੁਰੂ ਕਿਰਪਾ ਹੁੰਦੀ ਹੈ । ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ ।

2. ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮੁਲੀਕ ਲਾਲ ਰਤਨ, ਅਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿਚ ਸਰਬ ਸਮਰਥ ਹੈ । ਗੁਰਬਾਣੀ ਸਗਲ ਇਛਾ ਪੂਰਕ ਹੈ, ਰੋਗ ਅਤੇ ਦੁਖ ਨਾਸ਼ਕ, ਕਲੇਸ਼ ਅਤੇ ਕਸ਼ਟ ਨਿਵਾਰਕ, ਭੈ ਅਤੇ ਭਰਮ ਭਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ

ਰਖਿਅਕ ਹੈ । ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿਤਰ ਹੈ । ਵਿਅਕਤੀ ਅਤੇ ਸਮਾਜ ਲਈ ਮਾਰਗ ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ । ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ। ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ । ਇਹ ਅਕਥ, ਅਗਮ ਅਤੇ ਅਗਾਧਿ ਹੈ । ਇਹ ਪਰਤਖ ਵਾਹਿਗੁਰੂ ਹੈ । ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ ।

" ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥

ਬਾਣੀ ਤਾਂ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ (ਅਨੰਦ ਸਾਹਿਬ ਪਉੜੀ ੨੪)

"ਸਤਿਗੁਰ ਕੀ ਰੀਸ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ।"

(ਵਾਰ ਗਉੜੀ ਮਹਲਾ ੪ ਪੰਨਾ ੩੦੪)

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ ਸਾਗਰ ਹੈ ।

3. ਅਗਰ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ । ਕੋਈ ਨਹੀਂ ਕਰ ਸਕਦਾ ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕੱਥ ਹੈ । ਜੋ ਕੋਈ ਗੁਰਬਾਣੀ ਦੀ ਇਕ ਸਿਖਿਆ ਸੁਣ ਕੇ ਮੋਨ ਲਵੇ, ਹਿਰਦੇ ਅਤੇ ਚਿਤ ਵਿਚ ਧਾਰ ਲਵੇ; ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖਾਲੀ ਕਰਵਾ ਸਕਦਾ ਹੈ । ਉਹਦੇ ਮਨ ਵਿਚ ਰਤਨ, ਜਵਾਹਰ ਅਤੇ ਮਾਣਕ ਪਰਗਟ ਹੋ ਜਾਂਦੇ ਹਨ । ਐਸੀ ਬਾਣੀ ਹੈ, ਜੋ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰਕੇ ਹਿਰਦੇ ਵਿਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ । ਇਹ ਕੋਈ ਸਾਹਿਤ ਨਹੀਂ ਹੈ । ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ । ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ । ਇਹ ਅਮੁਲ ਹੈ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ । ਇਹ ਲਿਖਤ ਇਕ ਸਿੱਖ ਦਾ ਅੰਧ ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ । ਇਹ ਸਚ ਹੈ, ਨਿਰੋਲ ਸਚ ਹੈ, ਅਸਲੀਅਤ ਹੈ । ਹਾਂ ਅਸਲੀਅਤ ਦਸੱਣ ਵਿਚ ਸਿੱਖ ਗਲਤੀ ਕਰ ਸਕਦਾ ਹੈ ।

4. ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਦ ਹੀ ਉਘੜਦੀ ਹੈ ਪਰੰਤੂ ਹਰ ਇਕ ਵਿਅਕਤੀ, ਸਾਧਕ ਜਾਂ ਅਸਾਧਕ, ਸ਼ੁਰੂ ਤੋਂ ਅੰਤ ਜਾਂ ਤੋੜ ਤਕ, ਬਾਣੀ ਤੋਂ ਗਹੁ ਨਾਲ ਪੜ੍ਹਨ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ । ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ । ਸੁਆਮੀ ਜਾਂ ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ । ਦਿਬ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ । ਇਡੇ ਵੱਡੇ ਭਾਗ ਕਿਸੇ ਵਿਰਲੇ ਦੇ ਹੁੰਦੇ ਹਨ ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਤੇ ਸਤਿਗੁਰੂ ਦੀ ਮਹਿਮਾਂ ਆਪਣੀ ਬੁਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ । ਕੁਝ ਹੱਦ ਤੱਕ ਕਿਉਂਕਿ ਨਿਰਾਲੀ ਖੇਡ ਗੂੰਗੇ ਦੇ ਮਿਠਿਆਈ ਖਾਣ ਵਾਂਗ ਹੈ । ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾ ਕਥੀ ਨਹੀਂ ਜਾ ਸਕਦੀ ।

5. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਨੁਕਤੇ ਹੇਠ ਦਿਤੇ ਜਾਂਦੇ ਹਨ :-

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲਛਣ ਅਤੇ ਸੁਭਾ ਬਾਰੇ ਦਸਦੀ ਹੈ । ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ । ਵਾਹਿਗੁਰੂ ਨੂੰ ਜਾਨਣ ਦੀ ਇਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ ।

(ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸਬੰਧ ਜੋੜਦੀ ਅਤੇ ਗੂੜ੍ਹਾ ਕਰਦੀ ਹੈ। ਪੂਰਬਲੇ ਕਰਮਾਂ ਅਨੁਸਾਰ ਕਿਰਪਾ ਪਾਤਰ ਬਣਾ ਕੇ, ਕਿਰਪਾ ਦਿਵਾਉਂਦੀ ਹੈ।

(ੲ) ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦਸਦੀ ਹੈ। ਸੰਜਮ ਦਸਦੀ ਹੈ।

(ਸ) ਭਗਤੀ ਦਾ ਮਾਰਗ ਬਿਖੜਾ ਹੈ, ਔਖਾ ਹੈ, ਖ਼ਨਿਉ ਤਿਖਾ ਅਤੇ ਵਾਲੋਂ ਨਿਕਾ ਹੈ। ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ। ਕਠਨ ਤਪਸਿਆ ਅਤੇ ਕਠਨ ਸੰਜਮ ਮੰਗਦਾ ਹੈ। ਸਾਧਕ ਡੋਲਦਾ ਹੈ, ਖਿਣ-ਖਿਣ ਭੁਲਦਾ ਹੈ ਪਰੰਤੂ ਗੁਰਬਾਣੀ ਹੌਂਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਅਤੇ ਬਾਂਹ ਫੜਦੀ ਹੈ।

(ਹ) ਗੁਰਬਾਣੀ ਪਰਮੇਸ਼ਰ ਦੀ ਸਿਫਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵਿਚਾਰ ਹੈ। ਵਡਿਆਈ ਜਾਂ ਸਿਫਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ।

"ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ।" (ਅਨੰਦ ਸਾਹਿਬ, ਪਉੜੀ ੩)

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫ਼ਤ ਨਹੀਂ ਕਰ ਸਕਦੇ ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾ ਸਿਫਤ ਨਹੀਂ ਕੀਤੀ ਜਾ ਸਕਦੀ।

(ਕ) ਗੁਰਬਾਣੀ ਨਾਮ ਰਸ ਦਾ ਸੋਮਾ ਹੈ, ਅੰਮ੍ਰਿਤਸਰ ਹੈ। ਇਸੇ ਅੰਮ੍ਰਿਤ ਨੇ ਇਛਾ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ। ਦੁਖ ਅਤੇ ਪਾਪ ਕੱਟਣੇ ਹਨ। ਬਾਕੀ ਰਸ ਖਤਮ ਕਰਨੇ ਹਨ।

(ਖ) ਗੁਰਬਾਣੀ ਤੋਂ ਸਭ ਫ਼ਲ ਮਿਲਦੇ ਹਨ। ਇਛਾ ਪੂਰੀਆਂ ਹੁੰਦੀਆਂ ਹਨ। ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ। ਤਾਣ, ਮਾਨ, ਲਛਮੀ ਅਤੇ ਪੁੱਤਰ ਮਿਲਦੇ ਹਨ। ਲਾਜ ਅਤੇ ਪੱਤ ਰਖੀ ਜਾਂਦੀ ਹੈ। ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ।

(ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੁਡ ਹੈ। ਵਾਹਿਗੁਰੂ ਨਾ ਗੁਰਦਵਾਰੇ ਵਿਚ, ਨਾ ਮੰਦਰ ਵਿਚ, ਨਾ ਗਿਰਜੇ ਵਿਚ ਅਤੇ ਨਾ ਹੀ ਮਸਜਿਦ ਵਿਚ ਹੈ। ਇਹ ਤਾਂ ਵਿਸ਼ਵਾਸ ਵਿਚ ਹੈ।

"ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ।"

ਸਤਿਸੰਗਤ ਵਿਚ ਵਿਸ਼ਵਾਸ ਜਲਦੀ ਮਿਲਦਾ ਹੈ ਅਤੇ ਜਿਹੜੀ ਜਗਾ ਤੇ ਸਤਿਸੰਗਤ ਪ੍ਰਾਪਤ ਹੋਵੇ, ਪਵਿਤਰ ਹੈ। ਗੁਰਦਵਾਰਾ, ਮੰਦਰ, ਮਸਜਿਦ, ਗਿਰਜਾ ਸਭ ਪਵਿਤਰ ਹਨ ਪਰੰਤੂ ਵਿਸ਼ਵਾਸ ਤਤ ਹੈ, ਅਸਲ ਹੈ। ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ ਦਾਤੀ ਹੈ। ਇਹ ਅਸੁਲ ਗੁਣਾਂ ਦਾ ਭੰਡਾਰ ਹੈ।

(ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ। ਮਨ ਗਿਆਨ ਨਾਲ ਹੀ ਥੁੰਮਿਆ ਜਾਂਦਾ ਹੈ। ਮਨ ਥੁੰਮਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁਝ ਮਿਲ ਗਿਆ। ਗਿਆਨ ਸਮੁੰਦਰ ਬਾਣੀ ਮਨ ਨੂੰ ਥੁੰਮਦੀ ਹੈ।

(ਚ) ਗੁਰਬਾਣੀ ਸੁਰਤ ਸ਼ਬਦ ਦਾ ਮੇਲ ਹੈ। ਗੁਰਬਾਣੀ ਨਾਲ ਮਨ, ਬੁਧ ਅਤੇ ਸੁਰਤ ਦੀ ਘਾੜਤ ਘੜੀ ਜਾਂਦੀ ਹੈ ਅਤੇ ਪੂਰੀ ਸਿਧੀ ਦੀ ਪ੍ਰਾਪਤੀ ਹੁੰਦੀ ਹੈ। ਆਖਰ ਵਿਚ ਜੋਧ ਮਹਾਬਲੀ ਸੂਰ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ।

(ਚ) ਗੁਰਬਾਣੀ ਦਾ ਬੋਲਣਾ, ਉਚਾਰਨਾ, ਲਿਖਣਾ, ਸੁਨਣਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫ਼ਲ ਪ੍ਰਦਾਨ ਕਰਦਾ ਹੈ।

ਸੁਨਣਾ "ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥" (ਅਨੰਦ ਸਾਹਿਬ ਪਉੜੀ 40, ਪੰਨਾ 922)

ਜਪਣਾ "ਅੰਮ੍ਰਿਤ ਬਚਨ ਸਾਧ ਕੀ ਬਾਣੀ ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥" (ਸੂਹੀ ਮਹਲਾ ੫, ਪੰਨਾ 744)

ਗਾਉਣਾ ਅਤੇ ਕਮਾਉਣਾ

"ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥"

(ਆਸਾ ਮਹਲਾ ੫, ਪੰਨਾ 376)

ਪੰਜਾਬੀ ਦੁਨੀਆ ਵੀਚਾਰਨਾ

"ਬਾਣੀ ਬਿਰਲਉ ਬੀਚਾਰਸੀ ਜੋ ਕੋ ਗੁਰਮੁਖੀ ਹੋਇ ॥
ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ॥"

(ਰਾਮਕਲੀ ਮਹਲਾ ੩ ਪੰਨਾ ੯੩੫)

(ਛ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ। ਇਹ ਸਤਿਗੁਰੂ ਹੈ।

(ਜ) ਸਾਧਕ ਵਾਸਤੇ ਗੁਰਬਾਣੀ ਸਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ। ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ।

(ਝ) ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉਤਰ ਹੈ। ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ। ਮੈਂ ਕਿਉਂ ਆਇਆ ਹਾਂ ? ਕਿਥੋਂ ਜਾਣਾ ਹੈ ? ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ ? ਇਤਿਆਦਿ ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ।

(ਵ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ। ਨਹੀਂ ਤਾਂ, ਸਾਧਕ, ਦਨਿਆਵੀ ਝੰਬੇਲਿਆ, ਝਗੜਿਆਂ ਅਤੇ ਮੰਗਾਂ ਵਿਚ ਗ਼ਲਤਾਨ ਰਹੇਗਾ ਅਤੇ ਅਪਣੀ ਭਗਤੀ ਜ਼ਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ।

(ਟ) ਗੁਰਬਾਣੀ ਸ਼ਰਨ ਵਿਚ ਆਉਣ ਦਾ ਢੰਗ ਦਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿਚ ਲਿਆਉਂਦੀ ਹੈ।

(ਠ) ਸਾਧਕ ਦੇ ਮਨੋਭਾਵਾਂ, ਤਰੰਗਾਂ, ਤਕਲੀਫ਼ਾਂ ਅਤੇ ਨਜ਼ਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰਖਦੀ ਹੈ।

(ਡ) ਗੁਰਬਾਣੀ ਅਧਿਆਤਮਿਕ ਅਵਸਥਾਵਥ ਅਤੇ ਨਜ਼ਾਰਿਆਂ ਦਾ ਗਿਆਨ ਦਿੰਦੀ ਹੈ। ਉਦਾਹਰਣ ਦੇ ਤੋਰ ਤੇ, ਚਾਰ ਲਾਵਾਂ ਚਾਰ ਪੜਾ ਹਨ। ਜਪੁਜੀ ਸਾਹਿਬ ਵਿਚ ਖੰਡਾਂ ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦਾ ਹੈ।

(ਢ) ਸਾਧਕ ਵਾਸਤੇ ਗੁਰਬਾਣੀ ਇਕ ਮਾਪ ਤੋਲ ਹੈ ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੋਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ। ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ।

(ਣ) ਸਾਧਕ ਵਾਸਤੇ ਗੁਰਬਾਣੀ ਸਰਬ ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹਾ ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ ਵੇਤਾ ਹੈ।

6. ਉਪਰੋਕਤ ਲਿਖਤ ਵਿਚ ਗੁਣਾਂ ਨੂੰ ਦਸਣ ਦੇ ਯਤਨ ਵਿਚ ਸਿਰ ਤੇ ਭਾਰ ਹੀ ਹੋਇਆ ਹੈ ਕਿਉਂਕਿ ਤੁਛ ਬੁਧੀ ਦੀ ਕੈਦੀ ਇਕ ਕਲਮ ਕੀ ਗੁਣ ਲਿਖ ਸਕਦੀ ਹੈ ? ਮੁਕਦੀ ਗੱਲ ਹੈ :

"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥" (ਪੰਨਾ 515)

ਧੰਨਵਾਦਿ ਸਾਹਿਤ :- ਪੰਜਾਬੀ ਦੁਨੀਆ (ਭਾਸ਼ਾ ਵਿਭਾਗ)

# ਰਾਗ ਆਸਾਵਰੀ ਸੁਧੰਗ

ਪ੍ਰੋ. ਜਸਵਿੰਦਰ ਸਿੰਘ
98141-85854,
98723-98403

ਥਾਟ-ਭੈਰਵੀ ਵਾਦੀ-ਧੈਵਤ ਸੰਵਾਦੀ-ਗੰਧਾਰ

ਸੁਰ-ਰੁੇ, ਗੁ, ਧੁ, ਨੁੀ ਕੋਮਲ ਬਾਕੀ ਸ਼ੁਧ

ਵਰਜਿਤ ਸੁਰ - ਆਰੋਹ ਵਿੱਚ ਗ, ਨ ਸਮਾਂ-ਦਿਨ ਦਾ ਦੂਜਾ ਪਹਿਰ

ਆਰੋਹ-ਸ ਰੁੇ ਮ ਪ, ਧੁ, ਸਂ ।

ਅਵਰੋਹ-ਸਂ ਨੁੀ ਧੁ, ਪ, ਮ ਗੁ ਰੁੇ ਸ ।

ਪਕੜ-ਮ ਪ ਧੁ, ਪ, ਮ ਗੁ ਰੁੇ ਸ

## ਤਿੰਨ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਚਿੰਨ੍ਹ | x | | | | 2 | | | | 0 | | | | 3 | | | |
| ਸਥਾਈ | | | | | | | | | ਪਧੁ | ਮ | ਪ | ਪ | ਗੁ | - | ਰੁੇ | ਸ |
| | | | | | | | | | ਹਉ | ਅਨ | ਦਿ | ਨ | ਹ | ਰਿ | ਨਾ | ਮ |
| | ਰੁੇ | ਮ | ਪ | ਪ | ਧੁ | ਧੁ | ਮ | ਪ | ਪਧੁ | ਮ | ਪ | ਧੁ | ਸਂ | ਸਂ | ਸਂ | ਸਂ |
| | ਕੀ | ਰ | ਤ | ਨ | ਕ | ਰਉ | ऽ | ऽ | ਸऽ | ਤਿ | ਗੁ | ਰ | ਮੋ | ਕਉ | ਹ | ਰਿ |
| | ਰੁੇਂ | - | ਸਂ | ਸਂ | ਨੁੀਧੁ | ਧੁ | ਪ | ਪ | ਪਧੁ | ਮ | ਪ | ਪ | ਗੁ | ਗੁ | ਰੁੇ | ਸ |
| | ਨਾ | ऽ | ਮ | ਬ | ਤਾऽ | ऽ | ਇਆ ਹਉ | | ਹऽ | ਰ | ਬਿ | ਨ | ਖਿ | ਨ | ਪ | ਲ |
| | ਰੁੇ | ਮ | ਪ | ਪ | ਧੁ | - | ਮ | ਪ | | | | | | | | |
| | ਰ | ਹਿ | ਨ | ਸ | ਕਉ | ऽ | ऽ | ऽ | | | | | | | | |
| ਅੰਤਰਾ | | | | | | | | | ਮ | ਮ | ਪ | ਪ | ਧੁ | ਧੁ | ਪ | ਧੁ |
| | | | | | | | | | ਹ | ਮ | ਰੈ | ਸ੍ਰ | ਵ | ਣ | ਸਿ | ਮ |
| | ਸਂ | ਸਂ | ਸਂ | ਸਂ | ਨੁੀਧੁ | ਧੁ | ਸਂ | ਸਂ | ਨੁੀਧੁ | ਧੁ | ਧੁ | ਧੁ | ਸਂ | ਸਂ | ਰੁੇਂ | ਸਂ |
| | ਰ | ਨ | ਹ | ਰਿ | ਕੀऽ | ਰ | ਤ | ਨ | ਹਉ | ਹਰਿ | ਬਿ | ਨ | ਰ | ਹਿ | ਨ | ਸ |
| | ਗੁਂ | - | - | ਰੁੇਂ | ਸਂ | ਸਂ | ਸਂ | ਸਂ | ਧੁ | ਧੁ | ਧੁ | ਧੁ | ਪ | ਪ | ਮ | ਪ |
| | ਕਉ | ऽ | ਹਉ | ऽ | ਇ | ਕ | ਖਿ | ਨ | ਜੈ | ਸੇ | ਹੰ | ਸ | ਸਰ | ਵਰ | ਬਿ | ਨ |
| | ਧੁ | ਧੁ | ਧੁ | ਧੁ | ਪ | ਪ | ਪ | ਪ | ਪਧੁ | ਮ | ਪ | ਪ | ਗੁ | ਗੁ | ਰੁੇ | ਸ |
| | ਰ | ਹਿ | ਨ | ਸ | ਕੈ | ऽ | ऽ | ऽ | ਤੈऽ | ਸੇ | ਹ | ਰਿ | ਜ | ਨ | ਕਿਉ | ਰ |
| | ਰੁੇ | ਮ | ਪ | ਪ | ਧੁ | ਧੁ | ਮ | ਪ | | | | | | | | |
| | ਹੈ | ऽ | ਹ | ਰਿ | ਸੇ | ਵਾ | ਬਿ | ਨ | | | | | | | | |

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ ੧ਓ ਸਤਿਗੁਰ ਪ੍ਰਸਾਦਿ ॥
ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ॥੧॥ ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥
ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ॥੧॥
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ॥੨॥੧੪॥੬੬॥

ਅਰਥ:- (ਹੇ ਭਾਈ ! ਜਦੋਂ ਦੀ) ਗੁਰੂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਦੱਸ ਪਾਈ ਹੈ (ਤਦੋਂ ਤੋਂ) ਮੈਂ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਇਕ ਘੜੀ ਪਲ ਭੀ ਨਹੀਂ ਰਹਿ ਸਕਦਾ । ਮੈਂ ਹਰ ਵੇਲੇ ਪਰਮਾਤਮਾ ਦਾ ਨਾਮ ਜਪਦਾ ਹਾਂ, ਮੈਂ ਹਰ ਵੇਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹਾਂ ।੧।ਰਹਾਉ। (ਹੇ ਭਾਈ !) ਮੇਰੇ ਪਾਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਨੀ ਤੇ ਪਰਮਾਤਮਾ ਦਾ ਨਾਮ ਜਪਣਾ ਹੀ (ਰਾਸਪੂੰਜੀ) ਹੈ, ਪਰਮਾਤਮਾ ਦਾ ਨਾਮ ਜਪਣ ਤੋਂ ਬਿਨਾ ਮੈਂ ਇਕ ਪਲ ਭੀ ਨਹੀਂ ਰਹਿ ਸਕਦਾ । ਜਿਵੇਂ ਹੰਸ ਸਰੋਵਰ ਤੋਂ ਬਿਨਾ ਨਹੀਂ ਰਹਿ ਸਕਦਾ ਤਿਵੇਂ ਪਰਮਾਤਮਾ ਦਾ ਭਗਤ ਪਰਮਾਤਮਾ ਦੀ ਸੇਵਾ-ਭਗਤੀ ਤੋਂ ਬਿਨਾ ਨਹੀਂ ਰਹਿ ਸਕਦਾ ।੧। (ਹੇ ਭਾਈ !) ਕਿਸੇ ਮਨੁੱਖ ਨੇ ਮਾਇਆ ਦਾ ਪਿਆਰ ਹਿਰਦੇ ਵਿਚ ਟਿਕਾ ਕੇ ਮਾਇਆ ਨਾਲ ਪ੍ਰੀਤ ਜੋੜੀ ਹੋਈ ਹੈ, ਕਿਸੇ ਨੇ ਮੋਹ ਤੇ ਅਹੰਕਾਰ ਨਾਲ ਪ੍ਰੀਤ ਜੋੜੀ ਹੋਈ ਹੈ, ਪਰ ਹੇ ਨਾਨਕ ! ਪਰਮਾਤਮਾ ਦੇ ਭਗਤਾਂ ਨੇ ਪਰਮਾਤਮਾ ਨਾਲ ਪ੍ਰੀਤ ਲਾਈ ਹੋਈ ਹੈ । ਉਹ ਸਦਾ ਵਾਸ਼ਨਾ-ਰਹਿਤ ਅਵਸਥਾ ਮਾਣਦੇ ਹਨ, ਉਹ ਸਦਾ ਹਰਿ- ਭਗਵਾਨ ਨੂੰ ਸਿਮਰਦੇ ਰਹਿੰਦੇ ਹਨ ।੨।੧੪।੬੬।

## ਗਤੀਵਿਧੀਆਂ

### ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-4-2015 ਦਿਨ ਮੰਗਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ'ਵੈਸਾਖਿ ਧਰਿਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ।। ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਸੇਵਾ ਨਿਭਾਈ । ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ “ਖਾਲਸਾ ਸਾਜਨਾ” ਵਿਸ਼ੇ ਤੇ ਸੰਗਤਾ ਨਾਲ ਵਿਚਾਰ ਸਾਝੇ ਕੀਤੇ ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

# ਮਈ 2015 ਮਹੀਨੇ ਦੇ ਸਮਾਗਮ :-

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 15-05-2014 ਦਿਨ ਸ਼ੁੱਕਰਵਾਰ ਸ਼ਾਮ ਨੂੰ 6-30 ਤੋਂ 9.00 ਵਜੇ ਤੱਕ **" ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ"॥** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ, ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਪਾਠ ਬੋਧ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਬੋਧ ਸਮਾਗਮ ਮਿਤੀ 19 ਅਪ੍ਰੈਲ 2015 ਤੋਂ ਸ਼ਾਮ 7.15 ਤੋਂ 8.30 ਤੱਕ ਹਰ ਰੋਜ਼ ਗੁਰਦੁਆਰਾ ਸਾਹਿਬ ਸਾਚਾ ਧੰਨ, ਮੋਹਾਲੀ ਵਿਖੇ ਅਰੰਭ ਕੀਤੇ ਗਏ ਹਨ । ਪਾਠ ਬੋਧ ਦੀ ਸੇਵਾ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ,ਗਿਆਨੀ ਕੇਵਲ ਸਿੰਘ ਜੀ ਸਾਬਕਾ ਜਥੇਦਾਰ, ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ,ਪ੍ਰੋਫੈਸਰ ਮਨਿੰਦਰਪਾਲ ਸਿੰਘ ਜੀ ਚੌਤਾਂ ਕਲਾ,ਭਾਈ ਗੁਰਬੀਰ ਸਿੰਘ ਜੀ ਸਿੱਖ ਮਿਸ਼ਨਰੀ ਕਾਲਜ, ਗਿਆਨੀ ਜਸਵਿੰਦਰ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸਾਚਾ ਧੰਨ ਮੋਹਾਲੀ ਨਿਭਾਉਣਗੇ।

# ਪਾਠ ਬੋਧ ਸਮਾਗਮ ਦੀ ਅਰੰਭਤਾ ਤਸਵੀਰਾਂ ਦੀ ਜੁਬਾਨੀ









# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਪ੍ਰੈਲ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 73 | 166 | 239 |
| 2 | Eye | 17 | 15 | 32 |
| 3 | Cardiology | 04 | 32 | 36 |
| 4 | Dental | 15 | 31 | 46 |
| 5 | Gynaecology | 21 | 50 | 71 |
| 6 | Homoeopathy | 34 | 186 | 220 |
| | **Total** | **164** | **480** | **644** |
| | Laboratory | 84 | - | 84 |

## ਧੰਨਵਾਦਿ :

## ਅਪ੍ਰੈਲ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Dhanwant Singh #447/Phase 4/Mohali 500/-
2. S. B.S. Wachhair #238/1 /Sec. 45A/Chd 45,000/-
3. Maj. Joginder Singh #1546 /Sec 33D 30,000/-
4. Bibi Supreet Kaur Kothi No. B-28, Sec. 26, Noida(UP) 15,000/-
5. All Indian Sikh Federation(Regd.) D-9 Green Park Extn. New Delhi 21,000/-
6. Bibi Harsharan Kaur Sethi #1440/Sec.34C 500/-
7. Bibi Pritpal Kaur #2269A/Sec.47C/Chd 20,000/-
8. S. D.P Singh #393/Phase 9/Mohali 12,000/-
9. Bibi Surjit Kaur #1444/Sec 34C/Chd 1,000/-
10. S. Narinder Bir Singh #1444/Sec 34C/Chd 1,000/-
11. Sewak Charitable Trust(Regd.) SCO 1104-05 Sec. 22B,Chd 7,500/-
12. Col. H.S Uppal #306/Sec 33A/Chd 20,000/-
13. S. Neil Singh Uppal #306/Sec 33A/Chd 10,000/-
14. Col. Ranjit Singh #207/Sec. 33A/Chd 10,000/-
15. Bibi Meher Kaur K-3/13,Model Town, Delhi – 110009 10,000/-
16. S. Charanjit Singh #2634/1/Sec.47c/Chd 1,500/-
17. S. Mohinder Pal Singh&Bibi Rajinder Kaur #2637/Sec.47 C/Chd 2,900/-
18. Bibi Harmeet Kaur / Mundi Kharar 100/
19. Dr. Satwant Singh Aastha Enclave Kharar 100/-
20. S. Malkit Singh / Mundi Kharar 50/-
21. Satkar Properties / Mundi Kharar 500/-
22. S. Amarjit Singh / Mundi Kharar 100/-
23. S. Hari Singh / Mundi Kharar 100/-
24. S. Harjinder Singh / Mundi Kharar 100/-
25. S. Iqbal Singh / Mundi Kharar 200/-
26. Bibi Manjit Kaur Bindra #1655/34D/Chd 500/-
27. S. Mohinder Singh Sudan #1286 /33C 1,000/-
28. S. Narinder Bir Singh #1444/Sec 34C/Chd 500/-
29. Bibi Surinderjit Kaur / Mundi Kharar 100/-
30. Bibi Manvinder Kaur / Mundi Kharar 100/-
31. S. Gurpal Singh / Mundi Kharar 100/-
32. Deepak Walia / Mundi Kharar 100/-
33. S. Ranjit Singh /Nandpur Kalaul Khas/ Distt. Fatehgarh 50/-
34. S. Tarundeep Singh Sachar # EA-136/Maya Enclave/New Delhi 20,000/-
35. Bibi Daljit Kaur Oberoi #278/Sec. 33A 4,000/-
36. Dr. Daljit Kaur #1600/Sec. 34D/ Chd 5,000/-
37. S.B.S. Chadha # 2468/Sec. 40C/Chd 1000/-
38. Dr. Saranjit Singh #2817/Phase 7/Mohali 2,000/-
39. Bibi. Harpreet Kaur #461/Sec. 44A/Chd. 500/-
40. Bibi. Harleen Kaur Sarna #107, Shivalik Vihar Naya Goan, Mohali 500/-
41. Bibi. Rajleen Kaur #836/Phase II/Mohali 500/-
42. S. Surinder Singh/ House-fed/Mohali 100/-
43. S. Mohinder Singh #3411/Sec.49D/Chd 200/-
44. Bibi Narinder Kaur #800/Sec.43B/Chd 600/-
45. Bibi Gurdeep Kaur #461/Sec.44A/ Chd 500/-
46. S. Kirpal Singh #641/Gillco Valley/Kharar 500/-
47. Gurdwara Sahib Saacha Dhan/3BI/ 5,100/-
48. S. Deep Singh# 2978/ Phase 7/Mohali 1,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।